# ਨਿੰਦਕ

**ਲੇਖਕ ਦੀਆਂ ਹੋਰ ਰਚਨਾਵਾਂ :**

1. ਦਰਦ-ਏ-ਦਿਲ
2. ਤਨਹਾਈਆਂ
3. ਕਹਿਕਸ਼ਾਂ
4. ਸਿਫ਼ਤ ਸ੍ਰੀ ਗੁਰੂ ਨਾਨਕ ਦੇਵ ਜੀ
5. ਅਕਸ
6. ਉਸਤਤਿ ਤੇ ਸਫ਼ਰ—ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ
7. ਅਰਸ਼-ਏ-ਬਰੀਂ

# ਨਿੰਦਕ

(ਕਾਵਿ ਸੰਗ੍ਰਹਿ)

**ਬਲਬੀਰ ਸਿੰਘ ‘ਬੀਰ’**

International Publishers
of Indian and Foreign Languages

**Representation Offices** :
• 596 Street, Madera, California-93638
• 8 Automatic Rd, Unit 2C, Brampton L6S 3N5, Canada

*Poetry/Punjabi Poetry*

ISBN : 978-93-5068-166-4
Price : 140/-

**Nindak**
**by**
**Balbir Singh Bir**

# 2304, Ext-6
Sunny Enclave, KHARAR
M- 99883-93512

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan, Ludhiana
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

*© 2012*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਭੂਮਿਕਾ

"ਨਿੰਦਕ" ਇਕ ਅਜੇਹੀ ਕਾਵਿ ਰਚਨਾ ਹੈ ਜਿਸ ਵਿਚ ਨਿੰਦਕ ਨੂੰ ਮੁਖ ਪਾਤਰ ਦੇ ਤੌਰ ਤੇ ਲੈ ਕੇ ਇਸ ਦੇ ਕਾਰਨਾਮੇ ਅਤੇ ਉਹਨਾਂ ਦੇ ਨਤੀਜਿਆਂ ਦਾ ਵਰਨਣ ਸਰਲ ਭਾਸ਼ਾ ਵਿਚ ਕੀਤਾ ਗਿਆ ਹੈ।

ਇਤਿਹਾਸ ਗਵਾਹ ਹੈ ਕਿ ਨਿੰਦਕ ਦੇ ਬਾਰੇ ਵਿਚ ਕਿਤਾਬਾਂ ਵਿਚ ਜ਼ਿਕਰ ਤਾਂ ਆਇਆ ਹੈ ਪਰ ਕਿਤੇ ਕਿਤੇ। ਇਸ ਕਾਵਿ-ਸੰਗ੍ਰਹਿ ਵਿਚ ਇਸਦੇ ਦੁਆਰਾ ਕੀਤੇ ਗਏ ਛੁਪੇ ਵਾਰਾਂ ਅਤੇ ਨੁਕਸਾਨਾਂ ਦਾ ਵਰਨਣ ਕੀਤਾ ਗਿਆ ਹੈ ਜੋ ਨਿੰਦਕ ਇਕ ਆਮ ਆਦਮੀ ਅਤੇ ਸਮਾਜ ਨੂੰ ਕਰਦਾ ਸੀ ਅਤੇ ਕਰਦਾ ਰਿਹਾ ਹੈ। 'ਨਿੰਦਕ' ਬਾਰ ਬਾਰ ਨਿੰਦਾ ਕਰਕੇ ਝੂਠ ਨੂੰ ਸੱਚ ਵਿਚ ਤਬਦੀਲ ਕਰ ਦਿੰਦਾ ਹੈ।

'ਨਿੰਦਕ' ਨਾਮਕ ਕਾਵਿ ਸੰਗ੍ਰਹਿ ਕਿਸੇ ਵਿਅਕਤੀ ਵਿਸ਼ੇਸ਼ ਨੂੰ ਮੁਖ ਰੱਖ ਕੇ ਨਹੀਂ ਲਿਖਿਆ ਗਿਆ ਪਰੰਤੂ ਇਹ ਸਮਾਜ ਨੂੰ ਇਕ ਕਾਂਗਿਆਰੀ ਵਾਂਗ ਚਿੰਬੜੀ ਇਕ ਬੀਮਾਰੀ ਹੈ। ਇਸ ਪੁਸਤਕ ਵਿਚ ਉਸਦੇ ਸੁਭਾਅ ਤੇ ਨਕਾਰਾਤਮਕ ਯਤਨਾਂ ਨੂੰ ਭੀ ਕਲਮਬੰਦ ਕੀਤਾ ਗਿਆ ਹੈ। ਆਸ ਹੈ ਕਿ ਇਹ ਪੁਸਤਕ ਆਪ ਜੀ ਨੂੰ ਪਸੰਦ ਆਵੇਗੀ ਅਤੇ ਆਉਣ ਵਾਲੀਆਂ ਨਸਲਾਂ ਦੀ ਅਗਵਾਈ ਕਰੂਗੀ।

ਧੰਨਵਾਦ

**ਬਲਬੀਰ ਸਿੰਘ 'ਬੀਰ'**

ਨਿੰਦਕ ਵੱਡਾ ਅਫਵਾਹਿਆ ਹੁੰਦਾ
ਨਾ ਆਦਿ ਉਸਦਾ ਚੰਗਾ ਤੇ ਅੰਤ ਬੁਰਾ ਹੁੰਦਾ

ਫੰਗਾਂ ਦੇ ਕਾਂ ਬਣਾਕੇ ਉਸਤੇ ਰੇਸ਼ਮ ਦੇ ਬੰਦ ਲਾਉਂਦਾ
ਲੋਕਾਂ ਦਾ ਉਲੂ ਘੜਦਾ ਇਹ ਵੱਡਾ ਹੋਸ਼ਿਆਰ ਹੁੰਦਾ

ਕਦੀ ਸਿਤਮ ਸਹਿਣੇ ਪੈਂਦੇ ਕਦੇ ਬੋਲੀਆਂ ਦੀਆਂ ਮਾਰਾਂ
ਇਸ ਛੋਟੀ ਜਿਹੀ ਜ਼ਿੰਦਗੀ ਵਿਚ ਕੀ ਕੀ ਨਹੀਂ ਹੁੰਦਾ

ਅਸਲੀਅਤ ਨੂੰ ਇਨਕਾਰ ਹੈ ਅੱਖਾਂ ਤੋਂ ਅੰਨ੍ਹੇ ਹਨ ਇਹ
ਵੇਖ ਕੇ ਲੋਕਾਂ ਦੀ ਫਿਤਰਤ ਮੈਂ ਬੜਾ ਹੈਰਾਨ ਹੁੰਦਾ

ਜਿਸਨੂੰ ਨਾ ਮੂੰਹ ਧੋਣਾ ਆਉਂਦਾ ਉਹ ਭੀ ਮੇਹਣੇ ਮਾਰਦਾ
ਇਸ ਜਗਤ ਵਿਚ ਆਦਮੀ ਨੂੰ ਆਖਿਰ ਤਾਂ ਜੀਉਣਾ ਹੀ ਹੁੰਦਾ

ਖੋਲ੍ਹਕੇ ਪੁਲੰਦਾ ਝੂਠ ਦਾ ਅਨਰਥ ਦੀ ਵੰਡਦਾ ਸੌਗਾਤ
ਮੰਨ ਲੈਂਦੇ ਜੋ ਕੁਝ ਉਹ ਕਹਿੰਦਾ ਫੇਰ ਵੱਡਾ ਹਾਦਸਾ ਹੁੰਦਾ

ਜਿੱਥੇ ਬੈਠਦਾ ਹਵਾਵਾਂ ਨੂੰ ਦੂਸ਼ਿਤ ਕਰਦਾ ਹੈ ਇਹ
ਦਿਲ ਇਸਦਾ ਨਾ ਕਦੀ ਦ੍ਰਵਦਾ ਇਹ ਬੜਾ ਕਠੋਰ ਹੁੰਦਾ

ਇਤਬਾਰ ਕਦੇ ਨਾ ਕਰੀਏ ਜੋ ਉਹ ਕਹਿੰਦਾ
ਨਿੰਦਕ ਦਾ ਨਾ ਕੋਈ ਭਰੋਸਾ ਹਮੇਸ਼ਾ ਹੀ ਇਹ ਵਿਸਵਾਸ਼ ਹੀਨ ਹੁੰਦਾ

ਹਵਾ ਵਿਚ ਅਫਵਾਹਾਂ ਦੇ ਤੀਰ ਛੱਡਦਾ ਤੇ ਆਪ ਮਸਤ ਰਹਿੰਦਾ
ਨਿੰਦਰ ਬੜਾ ਹੀ ਛਲਾਵਾ ਦੇ ਕਪਟੀ ਹੁੰਦਾ

ਨਿੰਦਕ ਬੱਚਿਆਂ ਨੂੰ ਗੁਮਰਾਹ ਕਰਦਾ ਅਫਵਾਹਾਂ ਲਈ ਉਕਸਾਉਂਦਾ
ਇਹ ਨਿਰਾ ਹੀ ਕਮਜਰਫ਼* ਤੇ ਵੱਡਾ ਚਤਰ ਹੁੰਦਾ

ਛਲ ਕਪਟ ਵਿਚ ਗੱਲ ਕਰਦਾ ਛਲ ਕਪਟ ਇਸਦੀ ਖ਼ੁਰਾਕ
ਮੂਰਖ ਬਣਾਕੇ ਲੰਘ ਜਾਂਦਾ ਨਿੰਦਕ ਵੱਡਾ ਛਲਾਵਾ ਹੁੰਦਾ

ਅਪਣੇ ਖ਼ੁਦੀ* ਨੂੰ ਮਾਰ ਕੇ ਝੂਠ ਦਾ ਕਰਦਾ ਪ੍ਰਚਾਰ
ਖੋਹ ਲੈਂਦਾ ਖ਼ੁਸ਼ੀ ਦੂਜੇ ਦੀ ਨਿੰਦਕ ਸੁਭਾਅ ਤੋਂ ਦੁਸ਼ਟ ਹੁੰਦਾ

'ਸਾਰੇ ਕਹਿੰਦੇ' ਕਹਿਕੇ ਲੋਕਾਂ ਦੀ ਮੱਤ ਹਰ ਲੈਂਦਾ ਹੈ ਇਹ
ਨਿੰਦਕ ਚਿਹਰਾ ਬਦਲਦਾ ਬਾਰ ਬਾਰ ਇਹ ਵੱਡਾ ਅਡੰਬਰੀ ਹੁੰਦਾ

ਅਪਣੇ ਵਾਅਦੇ ਤੋਂ ਮੁਕਰਦਾ ਖਾਕੇ ਹਰਾਮ ਕਰਦਾ
ਵਿਯਾਧਾ ਨੂੰ ਦੂਜੇ ਸਿਰ ਸੁੱਟਦਾ ਇਹ ਵੱਡਾ ਸ਼ਾਤਿਰ ਹੁੰਦਾ

ਬੇਹੂਦਾ ਬੋਲ ਬੋਲ ਕੇ ਲੋਕਾਂ ਨੂੰ ਗੁਮਰਾਹ ਕਰਦਾ
ਇਹ ਕੌੜਾ ਬੋਲਦਾ ਰੱਬ ਤੋਂ ਨਾ ਡਰਦਾ ਇਹ ਵੱਡਾ ਕਾਫ਼ਿਰ ਹੁੰਦਾ

ਬਾਣੇ ਪਾ ਕੇ ਉੱਤੇ ਵਣਾਵਟੀ ਜੀਵਨ ਜੀਂਵਦਾ ਇਹ
'ਬੀਰ' ਨਾਟਕੀ ਇਸ ਦਾ ਜੀਵਨ ਇਹ ਮਹਾਂ ਪਖੰਡੀ ਹੁੰਦਾ

*ਕਮਜਰਫ਼-ਕਮੀਨਾ, *ਖ਼ੁਦੀ-ਜਮੀਰ

ਦੋ ਗੱਲ ਕਰਨ ਵਾਲਿਆਂ 'ਚ ਇਹ ਅਪਣੀ ਲੱਤ ਫਸਾਉਂਦਾ
ਬੇਅਰਥ ਟਿੱਪਣੀ ਕਰਦਾ ਇਹ ਬੇਲੋੜਾ ਅਲੋਚਕ ਹੁੰਦਾ

ਨਾ ਇਸਦਾ ਕੋਈ ਇਸ਼ਟ ਨਾ ਜੀਵਨ ਦਾ ਕੋਈ ਟੀਚਾ
ਨਾ ਇਹ ਆਗਿਆਕਾਰੀ ਪਿਤਾ ਦਾ ਇਹ ਬੇਸੰਸਕਾਰੀ ਹੁੰਦਾ

ਸਿਆਣੇ ਦੀ ਗੱਲ ਤੇ ਹਸਦਾ ਤੇ ਫੇਰ ਤਾੜੀਆਂ ਵਜਾਉਂਦਾ
ਨਾ ਇਸਦਾ ਕੋਈ ਮੁਰਸ਼ਦ* ਇਹ ਨਿਰਾ ਬੇਗੁਰਾ ਹੁੰਦਾ

ਗੱਲਾਂ ਅਜਿਹੀਆਂ ਕਰਦਾ ਜਿਸਦਾ ਕੋਈ ਸਿਰ ਨਾ ਪੈਰ
ਖੜ੍ਹੇ ਖੜ੍ਹੇ ਬੰਦਾ ਵੇਚ ਦਿੰਦਾ ਇਹ ਵੱਡਾ ਚਾਰ ਸੌ ਵੀਹ ਹੁੰਦਾ

ਬੋਲਦਾ ਬਦਤਮੀਜ਼ ਬੋਲੀ ਸੰਗਤ ਕਰਦਾ ਅਸਾਧ ਦੀ
ਕਲਾਹੀਨ ਬਦਮਗਜ਼ ਬੇਦਰਦ ਤੇ ਬੇਸੁਰਾ ਹੁੰਦਾ

ਅੱਖਾਂ ਹੁੰਦੇ ਭੀ ਅੰਨ੍ਹਾ ਹਰ ਬੰਦੇ 'ਚ ਨੁਕਸ ਕੱਢਦਾ
ਕੰਨਾਂ ਦਾ ਕੱਚਾ ਧੋਖੇਬਾਜ਼ 'ਤੇ ਵੱਡਾ ਜਾਲਸਾਜ਼ ਹੁੰਦਾ

ਅੱਗ ਲਾ ਕੇ ਛੁਪ ਖਲੋਂਦਾ ਛਿਣਾਂ ਵਿਚ ਤਮਾਸ਼ਾ ਬਣਾਉਂਦਾ
ਝਗੜੇ ਕਰਾਉਂਦਾ ਨਿੱਤ ਇਹ ਵੱਡਾ ਫਸਾਦੀ ਹੁੰਦਾ

ਲੁਟ ਲੈਂਦਾ ਅਸਮਤ ਕਿਸੇ ਦੀ ਕਰਕੇ ਚੁਗਲੀ ਝੂਠ ਮੂਠ
'ਬੀਰ' ਡਰਦਾ ਨਹੀਂ ਹੈ ਰੱਬ ਤੋਂ ਇਹ ਵੱਡਾ ਅਧਰਮੀ ਹੁੰਦਾ

*ਮੁਰਸ਼ਦ–ਗੁਰੂ

ਜ਼ਮੀਰ ਆਪਣੀ ਨੂੰ ਮਾਰਦਾ ਪਹਿਲਾਂ ਫੇਰ ਲੂਤੀ ਲਾਉਂਦਾ
ਕਰਕੇ ਕਰਤੂਤ ਇਕੱਲੇ ਬੈਠੇ ਅਸਾਂ ਵੇਖਿਆ ਰੋਂਦਾ ਹੁੰਦਾ

ਕੌੜੀ ਬਾਣੀ ਬੋਲਦਾ ਇਹ ਵਿਚਾਰਹੀਨ ਮਨ ਦਾ ਅੰਨ੍ਹਾ
ਦੁਖ ਦਿੰਦਾ ਹੋਰਾਂ ਨੂੰ ਕਰਕੇ ਚੁਗਲੀ ਪਰ ਉਸਨੂੰ ਕੋਈ ਦੁੱਖ ਨਹੀਂ ਹੁੰਦਾ

ਉਡੀਕ ਵਿਚ ਰਹਿੰਦਾ ਸਦਾ ਵੇਚੀਏ ਅਸਮਤ* ਕਿਸੇ ਦੀ
ਬੀਜਦਾ ਹੋਰਾਂ ਨੂੰ ਕੰਢੇ ਇਹ ਸ਼ੈਤਾਨ ਦਾ ਹੀ ਅਵਤਾਰ ਹੁੰਦਾ

ਪਛਤਾਵੇ 'ਚ ਕਟਦੀਆਂ ਇਸਦੀ ਰਾਤਾਂ ਬੇਮੁਖ ਹੁੰਦਾ ਰੱਬ ਤੋਂ
ਬੇਦਾਰੀਆਂ ਦਿੰਦਾ ਜਾਂਦਾ ਤੇ ਆਪ ਭੀ ਬੇਦਾਰ ਹੁੰਦਾ

ਬੋਲਾਂ 'ਚ ਪੱਥਰ ਇਸਦੇ ਅੱਖਾਂ 'ਚ ਜ਼ਹਿਰ ਭਰਿਆ ਰਹਿੰਦਾ
ਅਪਸ਼ਬਦ ਲਫਜ਼ ਬੋਲਦਾ ਤੇ ਮੂਰਖਾਂ 'ਚ ਸ਼ੁਮਾਰ ਹੁੰਦਾ

ਸੋਚ ਇਸਦੀ ਨਾ ਪੱਖੀ ਕੰਮ ਇਸਦੇ ਵ੍ਹਾਈਆਤ
ਦਿਵਾਲਿਆ ਹੁੰਦਾ ਮਗਜ਼ ਤੋਂ ਸ਼ਰੀਰੋਂ ਬੀਮਾਰ ਹੁੰਦਾ

ਭਟਕਦਾ ਫਿਰਦਾ ਜਮੀਨ ਤੇ ਹਰ ਜਤਨ ਇਸਦੇ ਨਾਕਾਮਯਾਬ
ਆਦਮੀ ਦੇ ਰੂਪ ਵਿਚ ਇਹ ਹੈਵਾਨ ਤੋਂ ਵੀ ਬਦਤਰ ਹੁੰਦਾ

ਨਿੰਦਕ ਨਾ ਮੰਨਦਾ ਨਾ ਸੁਣਦਾ ਕਿਸੇ ਦੀ ਗੱਲ ਜਨਾਬ
ਵੇਖਣ 'ਚ ਲਗਦਾ ਸ਼ਾਤਿਰ ਤੇ ਵੱਡਾ ਬੇਰਹਿਮ ਹੁੰਦਾ

*ਅਸਮਤ-ਇੱਜਤ

ਰੋਲਦਾ ਹੋਰਾਂ ਦੀ ਅਸਮਤ* ਵੇਖਦਾ ਨਾ ਆਪਣੇ ਦੋਸ਼
ਸ਼ਰਮੋ-ਹਯਾ ਦਾ ਨਾ ਪਾਸ ਇਸਨੂੰ ਇਹ ਵੱਡਾ ਬੇਸ਼ਰਮ ਹੁੰਦਾ

ਬੇਹਯਾਈ ਇਸਦਾ ਭੋਜਨ ਧੋਖਾਧੜੀ ਇਸਦਾ ਅਸੂਲ
ਬਰਬਾਦ ਕਰਦਾ ਇਹ ਵਕਤ ਆਪਣਾ ਦੁਨੀਆਂ 'ਚ ਜਲੀਲੋਲੋ-ਖਾਰ* ਹੁੰਦਾ

ਕੰਮ ਕਰਦਾ ਬੇਤੁਕੇ ਇਹ ਬੇਲਿਹਾਜ ਕਰਦਾ ਫਿਰਦਾ ਅਨਰਥ
ਸੋਚਦਾ ਨਾ ਬੋਲਦਾ ਇਹ ਦਿਮਾਗੀ ਤੌਰ ਤੇ ਬਿਮਾਰ ਹੁੰਦਾ

ਤੋੜਦਾ ਇਹ ਆਪਣਾ ਹੀ ਘਰ ਹਮਜਿਨਸ* ਨੂੰ ਬਰਬਾਦ ਕਰਦਾ
ਹੈਵਾਨੀ ਕਰਤੂਤ ਕਰਕੇ ਆਪ ਸ਼ਰਮਸ਼ਾਰ ਹੁੰਦਾ

ਚੈਨ ਨਾ ਆਉਂਦਾ ਇਸਨੂੰ ਬੈਠ ਨਾ ਸਕਦਾ ਇਹ ਇਕ ਥਾਂ
ਬੇਸੁਰੀਆਂ ਗੱਲਾਂ 'ਚ ਮਾਹਿਰ ਅਪਣੀਆਂ ਹੀ ਗੱਲਾਂ ਤੋਂ ਗੁਮਰਾਹ ਹੁੰਦਾ

ਸ਼ੱਕ ਕਰਨਾ ਇਸਦੀ ਫਿਤਰਤ ਵੇਖਦਾ ਕੁਝ ਤੇ ਸੋਚਦਾ ਕੁਝ
ਹਰ ਸ਼ੈ ਨੂੰ ਸ਼ੱਕ ਨਾਲ ਵੇਖਦਾ ਇਹ ਮਹਾਂ ਸ਼ੱਕੀ ਹੁੰਦਾ

ਝੂਠ ਦਾ ਪੁਲੰਦਾ ਸਿਰ ਤੇ ਰੱਖ ਕੇ ਬੇਪਰਾਂ ਦੀਆਂ ਉਡਾਉਂਦਾ
ਅੰਤ ਵਿਚ ਇਸ ਨਿੰਦਕ ਦਾ ਮੂੰਹ ਸਦਾ ਕਾਲਾ ਹੀ ਹੁੰਦਾ

ਲੋਕਾਂ ਨੂੰ ਪਿਛੇ ਲਾਉਣ ਲਈ ਉਨ੍ਹਾਂ ਦੀਆਂ ਮਿੰਨਤਾਂ ਕਰਦਾ
ਇਹ ਜਿੰਨ੍ਹਾਂ ਦਾ ਅਵਤਾਰ ਤੇ ਵੱਡਾ ਚਾਪਲੂਸ ਹੁੰਦਾ

*ਅਸਮਤ-ਇਜ਼ਤ,*ਜਲੀਲੋਲੋ-ਖਾਰ-ਬੇਇਜਤ ਹੋਕੇ ਸਰਮਸ਼ਾਰ,*ਹਰਜਿਨਸ-ਆਪੇ ਜਾਏ

ਨਾ ਕੋਈ ਇਸਦੇ ਜੀਉਣ ਦਾ ਨਿਯਮ ਨਾ ਕੋਈ ਇਸਦਾ ਇਸ਼ਟ
ਰਹਿਣ ਸਹਿਣ ਇਸਦਾ ਪਸ਼ੂਆਂ ਦੇ ਵਰਗਾ ਭਾਵ ਬੇਅਸੂਲ ਹੁੰਦਾ

ਨਿੰਦਕ ਦਾ ਨਹੀਂ ਕੋਈ ਮਿੱਤਰ ਨਾ ਕੋਈ ਰਿਸ਼ਤੇਦਾਰ ਇਸਦਾ
ਬਖ਼ਸ਼ਦਾ ਨਾ ਇਹ ਕਿਸੇ ਨੂੰ ਇਹ ਓਦਾਂ ਹੀ ਬੇਦਰਦ ਹੁੰਦਾ

ਆਤਮਾ ਨੂੰ ਅਪਣੀ ਮਾਰ ਦੇ ਆਨਰਥ ਕਰਦਾ ਰਾਤ ਦਿਨ
ਰੋਲਦਾ ਲੋਕਾਂ ਦੀ ਇੱਜ਼ਤ ਇਹ ਵੱਡਾ ਬੇਰਹਿਮ ਹੁੰਦਾ

ਤੱਰਲੋਂ-ਮੱਛੀ ਹੁੰਦਾ ਖ਼ੁਦ ਭੀ ਅਫਰਾ-ਤਫਰੀ ਲਾਈ ਰੱਖਦਾ
ਵਸਤੀਆਂ 'ਚ ਵਸਦਾ ਇਹ ਬਹੁਤ ਵੱਡਾ ਸਿਰਦਰਦ ਹੁੰਦਾ

ਬੈਠਦਾ ਕਿਤੇ ਭੀ ਇਹ ਭਲੇ ਦੀ ਨਾ ਗੱਲ ਕਰਦਾ
ਜਿਸ ਥਾਂ ਬੈਠਦਾ ਉਸਨੂੰ ਭ੍ਰਸ਼ਟ ਕਰਕੇ ਇਨਸਾਨੀਅਤ ਤੇ ਕਲੰਕ ਹੁੰਦਾ

ਹਰ ਕਦਮ ਤੇ ਖੋ ਦਿੰਦਾ ਤਵਾਜ਼ਨ* ਵਿਚਲਿਤ ਹੁੰਦਾ ਗੱਲਾਂ ਨਾਲ
ਤਲਖੀ 'ਚ ਹਮੇਸ਼ਾ ਬੋਲਦਾ ਮਿਜ਼ਾਜ ਇਸਦਾ ਗਰਮ ਹੁੰਦਾ

ਭੈਣ ਭਰਾ ਤੇ ਭੀ ਸ਼ੱਕ ਕਰਦਾ ਭੁਲੇਖੇ ਪਾ ਦਿੰਦਾ ਹੈ ਇਹ
ਸ਼ਰਮੋ ਹਯਾ ਪੱਲੇ ਨਾ ਇਸਦੇ ਇਹ ਉੱਕਾ ਬੇਲਿਹਾਜ਼ ਹੁੰਦਾ

ਸ਼ੋਹਰਤ ਦੇ ਗ਼ੈਰਤ ਦਾ ਦੁਸ਼ਮਣ ਸ਼ਰਾਫਤ ਨੂੰ ਨਾ ਇਹ ਜਾਣਦਾ
ਪਾ ਕੇ ਰੱਖਦਾ ਇਹ ਚੁਟਾਲੇ ਸਾਜ਼ਿਸ 'ਚ ਇਹ ਕਾਮਯਾਬ ਹੁੰਦਾ

*ਤਵਾਜ਼ਨ-ਸੰਤੁਲਨ

ਇਮਾਨ ਤੋਂ ਮਤਲਬ ਨਾ ਇਸਦਾ ਪਾਪਾਂ ਦਾ ਇਹ ਸਰਗਨਾ*
ਇਸ ਜੁਗ ਦਾ ਇਹ ਅਗਰਗਾਮੀ* ਇਹ ਵੱਡਾ ਮੱਕਾਰ ਹੁੰਦਾ

ਪਲ ਪਲ 'ਚ ਇਹ ਚਿਹਰਾ ਬਦਲਦਾ ਮੁਕਰਦਾ ਹਰ ਵਾਅਦੇ ਤੋਂ
ਹਰ ਸ਼ੈ ਦੇ ਵਿਚ ਨੁਕਸ ਕੱਢਦਾ ਇਹ ਵੱਡਾ ਅਇਆਰ* ਹੁੰਦਾ

ਕੱਟਦਾ ਲੋਕਾਂ ਦੀਆਂ ਜੇਬਾਂ ਰਿਸ਼ਵਤਾਂ ਲੈ ਕੇ ਹੁੰਦਾ ਅਮੀਰ
ਨਰਕਾਂ 'ਚ, ਇਸਦਾ ਨਿਵਾਸ ਕਲੰਕ ਇਸਦਾ ਸਿੰਗਾਰ ਹੁੰਦਾ

ਇਹ ਕਲੰਕੀ ਨਾਫਰਮਾਦਾਰ ਖ਼ਾਨਦਾਨ ਇਸਦਾ ਸ਼ੈਤਾਨੀਅਤ
ਖਤਮ ਕਰਦਾ ਗਿੱਲ ਆਪਣੇ ਘਰ ਦੀ ਇਹ ਵੱਡਾ ਰੇੜ੍ਹੀਆਂ ਹੁੰਦਾ

ਨਿੰਦਕ ਅਧਰਮੀ ਨੀਅਤ ਦਾ ਖੋਟਾ ਪੈਰਾਂ ਦਾ ਚਲਾਕ ਇਹ
ਝੂਠ ਦੀ ਜਪਦਾ ਮਾਲਾ ਇਹ ਅੱਤ ਦਾ ਮਲੇਛ ਹੁੰਦਾ

ਮੰਨਦਾ ਨਾ ਅਪਣੀ ਗਲਤੀ ਵਿਅਰਥ ਦੋਸ਼ ਮੜ੍ਹਦਾ ਹੋਰਾਂ ਤੇ
ਬੰਦੇ ਨੂੰ ਬੰਦਾ ਨਾ ਮੰਨਦਾ ਇਹ ਅੱਖਾਂ ਹੁੰਦੇ ਭੀ ਅੰਨ੍ਹਾ ਹੁੰਦਾ

ਵੇਖਦਾ ਕੁਝ ਕਹਿੰਦਾ ਕੁਝ ਰਹਿੰਦਾ ਸਦਾ ਗੁਮਾਨ ਵਿਚ
ਬੋਲਦਾ ਭ੍ਰਸ਼ਟ ਗੱਲਾਂ ਇਹ ਬੁਧੀ ਦਾ ਬੈਲ ਹੁੰਦਾ

ਜਾਣਕੇ ਆਣਜਾਨ ਬਣਦਾ ਮੀਸਣਾ ਤੇ ਬਦਮਗਜ਼
ਅਧਰਮ ਦਾ ਮੌਕਾ ਨਾ ਖੋਂਹਦਾ ਇਹ ਵੱਡਾ ਕਸੂਰਵਾਰ ਹੁੰਦਾ

*ਸਰਗਨਾ-ਲੀਡਰ,*ਅਗਰਗਾਮੀ-ਅੱਗੇ ਚੱਲਣ ਵਾਲਾ,*ਅਇਆਰ-ਧੋਖੇਬਾਜ਼

ਇਹ ਚਲਦੀ ਫਿਰਦੀ ਬੁਰਾਈ ਦਾ ਪੁਤਲਾ ਬਦਬੂ ਇਸਤੋਂ ਮਾਰਦੀ
ਕਮੀਨਾਪਨ ਇਸਦਾ ਦਾ ਸੁਭਾਅ ਇਹ ਵੱਡਾ ਕਮਬਖਤ ਹੁੰਦਾ

ਕਰ ਦਿੰਦਾ ਉਸ ਘਰ ਨੂੰ ਚੌਪਟ ਬੈਠਦਾ ਜਾ ਕੇ ਜਿੱਥੇ
ਬਦਬੂਆਂ ਦੇ ਨਾਲ ਇਸਦੀ ਉਹ ਥਾਨ ਭ੍ਰਸ਼ਟ ਹੁੰਦਾ

ਬਦਨਾਮੀਆਂ ਦਾ ਮਜ਼ਮੂਆਂ* ਲੈ ਕੇ ਘੁੰਮਦਾ ਗਲੀਆਂ ਦੇ ਵਿਚ
ਇਹ ਨਾ ਕਿਸੇ ਦੇ ਦੁਖ ਦਰਦ ਵਿਚ ਦਰਦਮੰਦ ਹੁੰਦਾ

ਬਾਰ ਬਾਰ ਹੁੰਦਾ ਸ਼ਰਮਸ਼ਾਰ ਕਰਕੇ ਗੁਨਾਹ ਇਸ ਜਗਤ ਵਿਚ
ਪਛਤਾਵਿਆਂ ਦੀ ਅੱਗ 'ਚ ਸੜਕੇ ਸੁਆਹ ਹੁੰਦਾ

ਜ਼ਖ਼ਮ ਦਿੰਦਾ ਬੋਲ ਕੇ ਕਰਦਾ ਅਨਰਥ ਦਿਨ ਰਾਤ ਇਹ
ਮਰਦਾ ਦਿਨੇ ਕਈ ਬਾਰ ਇਹ ਚਲਦੀ ਫਿਰਦੀ ਲਾਸ਼ ਹੁੰਦਾ

ਬੋਲ ਕੇ ਸੱਟ ਮਾਰਦਾ ਪੱਥਰ ਵਘਾਉਂਦਾ ਹੱਸਕੇ
ਕੁਟਿਲਤਾ ਇਸਦੀ ਮੁਹੱਬਤ ਇਸਦਾ ਕਿਤੇ ਨਾ ਏਤਬਾਰ ਹੁੰਦਾ

ਖਾਲੀ ਹੱਥ ਉਠਦਾ ਜਿੱਥੇ ਜਾਂਦਾ ਕਿਸੇ ਮੁਹਿੰਮ ਤੇ ਵਿਚ ਇਹ
ਭਰੋਸਾ ਨਾ ਕਰਦਾ ਇਸਤੇ ਕੋਈ ਇਸਦਾ ਮੂੰਹ ਫਿੱਟਿਆ ਹੁੰਦਾ

ਬੇਢੰਗੀ ਇਸਦੀ ਚਾਲ ਹੁੰਦੀ ਹੱਥ ਰਖਦਾ ਜਿਸ ਕੰਮ ਤੇ
ਚੌਪਟ ਕਰਕੇ ਰੱਖ ਦਿੰਦਾ ਪੈੜਾ ਇਸਦਾ ਬਦਬਖਤ ਹੁੰਦਾ

*ਮਜ਼ਮੂਆਂ-ਸੰਗ੍ਰਹਿ

ਸੁੱਖ ਨਾ ਮੰਗਦਾ ਕਿਸੇ ਦੀ ਉਜਾੜਾ ਭਾਲਦਾ ਬਸਤੀ ਦਾ
ਜਿਧਰ ਭੀ ਇਹ ਵੇਖਦਾ ਉਸ ਥਾਂ ਦਾ ਬੰਟਾ ਢਾਰ ਹੁੰਦਾ

ਜ਼ਹਿਰ ਘੋਲਦਾ ਜ਼ਿੰਦਗੀ ਵਿਚ ਅਪਣੀ ਤੇ ਅਪਣੀ ਹੀ ਪੈਰ ਕੁਹਾੜੀ ਮਾਰਦਾ
ਅਪਣੇ ਵੰਸ਼ ਨੂੰ ਖੁਆਰ ਕਰਦਾ ਇਹ ਆਪ ਆਤਮਘਾਤੀ ਹੁੰਦਾ

ਲੰਘਦਾ ਜਿਸ ਰਾਹ ਤੋਂ ਬਦਬੂਆਂ ਨਾਲ ਕਰਦਾ ਪ੍ਰਦੂਸ਼ਿਤ
ਬਚ ਨਾ ਸਕਿਆ ਨਿੰਦਾਂ ਤੋਂ ਇਸਦੀ ਇਹ ਚਬਲਾਂ ਦਾ ਚਬਲ ਹੁੰਦਾ

ਅਫਵਾਹਾਂ ਨੂੰ ਫੈਲਾਕੇ ਇਹ ਝੂਠ ਨੂੰ ਸਚ ਬਣਾ ਦਿੰਦਾ
ਸੌ ਵਾਰ ਬੋਲਿਆ ਹੋਇਆ ਝੂਠ ਅੱਜ ਇਕ ਪ੍ਰਮਾਣਿਤ ਸੱਚ ਹੁੰਦਾ

ਨਿੰਦਕ ਦੀ ਗੱਲ ਮੰਨੀ ਜਾਂਦੀ ਝੂਠ ਦਾ ਹੁੰਦਾ ਪ੍ਰਚਾਰ
ਬਚ ਕੇ ਨਾ ਵੇਖਿਆ ਨਿਕਲਦਾ ਇਸਤੋਂ ਇਹ ਵੱਡਾ ਚੇਤੱਨ ਹੁੰਦਾ

ਅੱਖ ਵਿਚ ਨਾ ਇਸਦੇ ਸ਼ਰਮ ਅੱਗ ਨਾਲ ਖੇਲਦਾ ਸਦਾ
ਦੁਨੀਆਂ ਲਈ ਹੈ ਇਕ ਮੁਸੀਬਤ ਇਹ ਵੱਡਾ ਬੇਲਿਹਾਜ ਹੁੰਦਾ

ਲਾ ਕੇ ਸੀਖ ਮਾਹੌਲ ’ਚ, ਅਸਮਤਾਂ ਨੂੰ ਕਰਦਾ ਸੁਆਹ
ਉਪਰ ਚੜ੍ਹਾਕੇ ਪੌੜੀ ਖਿੱਚਦਾ ਇਹ ਵੱਡਾ ਜੱਲਾਦ ਹੁੰਦਾ

ਜਲਾ ਦਿੰਦਾ ਸਦਾ ਲਈ ਦਿਲਾਂ ਦੀ ਗਹਿਰੀ ਤੈਹਾਂ ਤੀਕ
ਇਸੇ ਦੀ ਕ੍ਰਿਪਾ ਨਾਲ ਥਾਂ ਥਾਂ ਤੇ ਫਸਾਦ ਹੁੰਦਾ

ਖੋਹ ਲੈਂਦਾ ਸਕੂਨ ਮਨ ਦਾ ਸੁੰਨਾ ਸੁੰਨਾ ਲਗਦਾ ਜਹਾਨ
ਸੁੱਟਦਾ ਏਦਾਂ ਦੀ ਕੌਡੀ ਇਹ ਜਾਲਸਾਜ਼ੀ ਵਿਚ ਉਸਤਾਦ ਹੁੰਦਾ

ਸਾਜਿਸ਼ਾ ਦੀ ਵਿਛਾ ਕੇ ਸਤਰੰਜ ਫਸਾ ਲੈਂਦਾ ਅਪਣੀ ਚਾਲ ਵਿਚ
ਇਹ ਸਾਹਿਬ-ਏ-ਸ਼ੈਤਾਨ* ਰੱਬ ਤੋਂ ਨਾ ਡਰਦਾ ਵੱਡਾ ਬੇਇਮਾਨ ਹੁੰਦਾ

ਅਹਤਰਾਮ* ਨਾ ਜਾਣਦਾ ਅਪਮਾਨ ਦੀ ਪੰਡ ਰਖਦਾ ਕੋਲ
ਹਰ ਵਾਰਦਾਤ ਵਿਚ ਇਸਦਾ ਹੱਥ ਇਹ ਇੱਲਤ ਦੀ ਜੜ੍ਹ ਹੁੰਦਾ

ਢੀਠਾਂ ਦਾ ਢੀਠ ਇਸਨੂੰ ਸ਼ਰਮ ਨਾ ਕੋਈ ਲਿਹਾਜ਼
ਛੋਟਾ ਵੱਡਾ ਨਾ ਵੇਖਦਾ ਜੰਮਣ ਵਾਲਿਆਂ ਤੇ ਕਲੰਕ ਹੁੰਦਾ

ਰੋਜ਼ੀ ਰੋਟੀ ਤੇ ਸੱਟ ਮਾਰਦਾ ਲਾਕੇ ਚੁਗਲੀ ਰਾਤ ਦਿਨ
ਛੇੜ ਛਾੜ ਕਰਦਾ ਰਾਹਾਂ 'ਚ ਇਹ ਮਹਾ ਚਰਿਤਰਹੀਨ ਹੁੰਦਾ

ਅਸਰ ਨਾ ਹੁੰਦਾ ਰਤਾ ਭਰ ਇਸਤੇ ਕਹੇ ਸੁਣੇ ਦਾ
ਇਹ ਪੂਰਾ ਨਿਸ਼ਠੁਰ* ਤੇ ਨਿਕੰਮਾ ਹੁੰਦਾ

ਮਾਤਾ ਪਿਤਾ ਦੇ ਜੰਮ ਕੇ ਢਾਹ ਲਾਉਂਦਾ ਖ਼ਾਨਦਾਨ ਤੇ
ਇਹ ਅਕਰਮ ਤੇ ਮੰਦਭਾਗਾ ਹੁੰਦਾ

ਸੁਣਦਾ ਨਾ ਗੱਲ ਕਿਸੇ ਦੀ ਨਾ ਮੰਨਦਾ ਤਰਕਾਂ ਨੂੰ ਇਹ
ਇਹ ਮੱਤਹੀਣ ਸਿਰੇ ਦਾ ਤੇ ਮਹਾਮੂੜ ਹੁੰਦਾ

*ਸਾਹਿਬ-ਏ-ਸ਼ੈਤਾਨ-ਸ਼ੈਤਾਨ ਦਾ ਪੁੱਤਰ,*ਅਹਤਰਾਮ-ਸ਼ਿਸ਼ਟਾਚਾਰ,* ਨਿਸ਼ਠੁਰ-ਬੇਅਸਰ

ਉਠਦਾ ਨਾ ਇਹ ਸਵੇਰੇ ਦਿਨ ਚੜ੍ਹੇ ਤੀਕ ਸੌਂਦਾ ਰਹਿੰਦਾ
ਮਾਂ ਬਾਪ ਦੇ ਕਦੇ ਨਾ ਚਰਨ ਛੂੰਹਦਾ ਇਹ ਦੁਆਵਾਂ ਤੋਂ ਹੀਣ ਹੁੰਦਾ

ਅੱਗ ਨਾਲ ਖੇਲਦਾ ਇਹ ਫੇਰ ਕਪੜੇ ਸਾੜਦਾ ਅਪਣੇ
ਜਾਲਾਂਦਾ ਆਪ ਨੂੰ ਇਸੇ ਵਿਚ ਇਹ ਭਸਮਾਸੁਰ ਹੁੰਦਾ

ਸਿੱਧੀ ਰਾਹਾਂ ਤੇ ਇਹ ਨਾ ਤੁਰਦਾ ਵਿਚ ਪਟੇ ਜਾਂਦਾ ਤੁਰਿਆ
ਕੰਡੇ ਚੁਭਾਕੇ ਪੈਰ 'ਚ ਅਪਣੇ ਆਪ ਹੀ ਲਹੂਲੁਹਾਨ ਹੁੰਦਾ

ਆਲੇ ਦੁਆਲੇ ਇਸਨੇ ਆਪ ਮਲੀਨਤਾਵਾਂ ਦਾ ਖੇਤਰਤਿਆਰ ਕੀਤਾ
ਨਰਕਾਂ 'ਚ, ਪੈਰ ਇਸਦੇ ਨਿੰਦਕ ਬਦਬੂਆਂ ਦਾ ਗਰਦੋ-ਗੁਬਾਰ ਹੁੰਦਾ

ਕੰਮ ਨਹੀਂ ਆਉਂਦਾ ਕਿਸੇ ਦੇ ਸੁਆਰਥਾਂ 'ਚ ਮਸਤ ਰਹਿੰਦਾ
ਇਸਦੇ ਕਾਰਜ ਸਭ ਗਲੀਜ਼* ਇਹ ਝੂਠ ਦੀ ਦੀਵਾਰ ਹੁੰਦਾ

ਵਿਰਸੇ ਨੂੰ ਕਰਦਾ ਤਬਾਹ ਬਾਟ ਲਾਉਂਦਾ ਹਮਜਿਨਸ ਤੇ
ਅਪਣੀ ਜੜਾਂ ਨੂੰ ਵੱਢਦਾ ਆਪੇ ਇਹ ਸਿਰੇ ਦਾ ਬਦਮਿਜ਼ਾਜ ਹੁੰਦਾ

ਟੀਕਾ ਟਿੱਪਣੀ ਇਸਦਾ ਸ਼ਸ਼ਤਰ ਚਲਾਈ ਜਾਂਦਾ ਅੰਨ੍ਹੇ ਵਾਹੀ
ਆਦਮੀ ਦੀ ਨਾ ਪਛਾਣ ਇਸਨੂੰ ਇਹ ਝੂਠਾ ਮਾਯਾਧਾਰੀ ਹੁੰਦਾ

ਨਿੰਦਾ ਕਰਦਾ ਨਾ ਥੱਕਦਾ ਰੰਗਾ 'ਚ ਇਸਦੇ ਰੰਗ ਦਿੰਦਾ
ਕਬਾੜੇ ਦਾ ਪਸਾਰਾ ਕਰਦਾ ਫੇਰ ਇਸਦਾ ਕਬਾੜਾ ਹੁੰਦਾ

*ਗਲੀਜ਼-ਗੰਦੇ

ਜਰਦਾ ਨਾ ਚੜ੍ਹਾਈ ਕਿਸੇ ਦੀ ਦਿਨ ਰਾਤ ਦੂਜੇ ਦੀਆਂ ਲੱਤਾਂ ਖਿਚਦਾ
ਬਿਗਾੜਦਾ ਹੋਰਾਂ ਦੇ ਨਾਂ ਨੂੰ ਫੇਰ ਇਸਦਾ ਬਿਗਾੜਾ ਹੁੰਦਾ

ਚੁੱਕੇ ਕੇ ਸਿਰ ਆਸਮਾਨ ਤੇ ਹੋਰਾਂ ਨੂੰ ਨਾ ਬੋਲਣ ਦਿੰਦਾ
ਬੇਇਮਾਨ ਹੁੰਦਾ ਇਹ ਸ਼ਿਖਰ ਦਾ ਘਰ ਵਿਚ ਇਸਦਾ ਅਪਮਾਨ ਹੁੰਦਾ

ਬਿਮਾਰ ਇਸਦੀ ਜ਼ਹਨੀਅਤ ਪਾਪ ਕਰਨਾ ਇਸਦਾ ਧਰਮ
ਹਰ ਸਵੇਰ ਵਿਚ ਇਸਦੇ ਬਦਲਾ ਇਹ ਬੁਰਾਈ ਦਾ ਅਵਤਾਰ ਹੁੰਦਾ

ਕੰਡੇ ਭਰੀਆਂ ਇਸਦੀਆਂ ਰਾਹਾਂ ਗੈਰਾਂ ਲਈ ਕੰਡੇ ਬੀਜਦਾ
ਅੰਤ ਇਸਦਾ ਵੱਡਾ ਭਿਆਨਕ ਇਹ ਬਾਰ ਬਾਰ ਬਿਮਾਰ ਹੁੰਦਾ

ਬੇਅਰਥ ਇਸਦੀ ਜ਼ਿੰਦਗੀ ਆਵਗਮਨ ਵਿਚ ਫਸਿਆ ਰਹਿੰਦਾ
ਬਾਰ ਬਾਰ ਇਹ ਜਨਮ ਲੈਂਦਾ ਧਰਤੀ ਤੇ ਇਹ ਬੋਝ ਹੁੰਦਾ

ਨੁਤਫੇ* ਨੂੰ ਅਪਣੇ ਹਰਾਮ ਕਰਦਾ ਫੇਰ ਪਛਤਾਵੇ ’ਚ ਮਰਦਾ
ਭਰਾਵਾਂ ਨੂੰ ਭੀ ਨਾ ਬਖਸ਼ਦਾ ਇਹ ਘਮੰਡ ਦੇ ਘੋੜੇ ਤੇ ਸਵਾਰ ਹੁੰਦਾ

ਇਹ ‘ਬੀਰ’ ਦਾ ਦੁਸ਼ਮਣ ਪੁਰਾਣਾ ਕਰਦਾ ਮੇਰੀ ਘਟਾ ਕੇ ਗੱਲ
ਜ਼ਖ਼ਮ ਦਿੰਦਾ ਬੋਲ ਕੇ ਸਭਨੂੰ ਇਹ ਵੱਡਾ ਗੱਦਾਰ ਹੁੰਦਾ

ਪੱਲੇ ਨਾ ਇਸਦੇ ਕੋਈ ਸਲੀਕਾ ਤਮੀਜਾਂ ਦਾ ਉਡਾਉਂਦਾ ਮਜ਼ਾਕ
ਜਾਂਦਾ ਇਹ ਜਿਸ ਮਹਿਫਿਲ ਦੇ ਵਿਚ ਇਸਦਾ ਅਭਦ੍ਰ ਵਿਵਹਾਰ ਹੁੰਦਾ

*ਨੁਤਫੇ-ਜਨਮ ਦੇਣ ਵਾਲੀ ਵਸਤੂ

ਜ਼ਹਨੀਅਤ ਇਸਦੀ ਬਿਮਾਰ ਗੱਲਾਂ ’ਚ ਮਤਲੀ ਇਸਦੇ
ਚਿਹਰੇ ਦੇ ਇਸਦੇ ਲਾਹਨਤ ਹੈ ਦਿਸਦੀ ਇਹ ਵੱਡਾ ਬੇਹਿਯਾ ਹੁੰਦਾ

ਤੀਲੀ ਲਾ ਕੇ ਭੱਜ ਜਾਂਦਾ ਛੱਡ ਜਾਂਦਾ ਪਿੱਛੇ ਵਿਨਾਸ਼
ਹਲਚਲ ਮਚਾਕੇ ਨਿਕਲ ਜਾਂਦਾ ਇਹ ਵੱਡਾ ਚਲਾਕ ਹੁੰਦਾ

ਰਖੀਏ ਨਾ ਇਸਤੇ ਉਮੀਦ ਕਿਸੇ ਚੰਗੇ ਕੰਮ ਦੀ ਲੋਕੋ
ਅੱਖਾਂ ਵਿਚ ਮਿੱਟੀ ਪਾ ਕੇ ਆਰਾਮ ਨਾਲ ਰਫ਼ੂ ਚੱਕਰ ਹੁੰਦਾ

ਸ਼ਾਦੀ ਜੇ ਹੋ ਜਾਵੇ ਇਸਦੀ ਵੰਸ ਚਲਾਉਣ ਚੋਂ ਅਸਮਰੱਥ
ਵੇਖਿਆ ਅਕਸਰ ਇਸਦੀ ਨਾ ਜੜ੍ਹ ਕੋਈ ਇਹ ਸਦਾ ਲਾਵਲਦ* ਹੁੰਦਾ

ਬੀਜਦਾ ਨਫਰਤ ਦੀ ਫਸਲ ਕੱਟਦਾ ਕਰਮਾ ਦੇ ਸੋਏ
ਬੋਲਕੇ ਖੋਂਦਾ ਪ੍ਰਤੀਤ ਅਪਣੀ ਨਿੰਦਕ ਸਦਾ ਬੋਲਾਂ ਦਾ ਹੋਛਾ ਹੁੰਦਾ

ਵਿਅਰਥ ਦੀ ਬਹਿਸ ਕਰਦਾ ਜਿਸਦਾ ਨਤੀਜਾ ਕੋਈ ਨਾ
ਖਾਮ ਖਾਹ ਇਹ ਮਗਰ ਪੈਂਦਾ ਕਈ ਜਨਮਾਂ ਤੋਂ ਖੋਰੀ ਹੁੰਦਾ

ਬਰਬਾਦ ਕਰਦਾ ਅਪਣਾ ਸਮਾਂ ਇਹ ਉਲਝਾਈ ਰਖਦਾ ਗੱਲਾਂ ਦੇ ਵਿਚ
ਡਸਿਆ ਇਸਦਾ ਪਾਣੀ ਨਾ ਮੰਗਦਾ ਇਹ ਖੜਪਾ ਸੱਪ ਹੁੰਦਾ

ਟੋਹਲ ਲੈਂਦਾ ਅਪਣੇ ਵਰਗੇ ਕੰਨਾਂ ’ਚ ਜ਼ਹਿਰ ਘੋਲਦਾ
ਕੱਟਦਾ ਸਚਾਈ ਦਾ ਗਲਾ ਇਹ ਵੱਡਾ ਆਦਮਖੋਰ ਹੁੰਦਾ

*ਪੁਤਰ ਹੀਣ

ਮਾਰਦਾ ਸੱਟਾਂ ਇਹ ਗੂੜ੍ਹੀ ਦਰਦ ਦਿੰਦਾ ਅਸਹਿਨਣ
ਜਿਉਣਾ ਇਹ ਹਰਾਮ ਕਰਦਾ ਇਹ ਵੱਡਾ ਹੈਵਾਨ ਹੁੰਦਾ

ਰਾਤ ਨੂੰ ਜਾ ਘਰਾਂ ਵਿਚ ਪ੍ਰਚਾਰ ਕਰਦਾ ਕੂੜ ਦਾ
ਡਰਦਾ ਨਾ ਇਹ ਰੱਬ ਤੋਂ ਇਹ ਵੱਡਾ ਨਿਸ਼ਠੁਰ ਹੁੰਦਾ

ਕਾਂਗਿਆਰੀ ਦੀ ਤਰ੍ਹਾਂ ਚਿੰਬੜ ਜਾਂਦਾ ਇਹ ਸਮਾਜ ਨੂੰ
ਵਿਦਵਾਨਾਂ ਦਾ ਉਡਾਉਂਦਾ ਮਜਾਕ ਇਹ ਵੱਡਾ ਮੱਤਹੀਨ ਹੁੰਦਾ

ਅੱਖਾਂ ਇਸਦੀਆਂ ਗੱਡੀਆਂ ਹੁੰਦੀਆਂ ਸ਼ਕਲ ਤੋਂ ਲਗਦਾ ਗੰਵਾਰ
ਮੰਗਦਾ ਉਜਾੜਾ ਚਮਨ ਦਾ ਇਹ ਇਕ ਸੈਯਾਦ* ਹੁੰਦਾ

ਭਾਲਦਾ ਹਰਦਿਨ ਨਵਾਂ ਘਰ ਗੱਲਾਂ ਨੂੰ ਦਿੰਦਾ ਸੁਕਾ
ਫਸਾ ਲੈਂਦਾ ਪੰਜੇ 'ਚ, ਅਪਣੇ ਇਸ ਸ਼ਿਕਰਾ ਬਾਜ਼ ਹੁੰਦਾ

ਮਾਸ ਖਾਂਦਾ, ਉਧੇੜ ਕੇ ਬਖੀਆ ਕਿਸੇ ਦਾ ਉਧੇੜਦਾ
ਖਾ ਕੇ ਮਾਂਸ, ਉਡ ਜਾਂਦਾ ਜਿਵੇ ਤਰਕਸ਼ ਤੋਂ ਤੀਰ ਹੁੰਦਾ

ਨਿੰਦਕ ਫਰੇਬੀ ਜਨਮ ਤੋਂ ਪਰਵਰਿਸ਼ ਇਸਦੀ ਫਿਜੂਲ
ਇਸਦਾ ਨਾ ਕੋਈ ਮੁਰਸ਼ਦ* ਇਹ, ਹੰਕਾਰ ਦਾ ਅਵਤਾਰ ਹੁੰਦਾ

ਵਾਦ ਵਿਵਾਦ ਹੈ ਇਸਦਾ ਸ਼ੌਕ ਮੀਨ ਮੇਖ ਇਸਦਾ ਸ਼ਿੰਗਾਰ
ਬੇਵਜਾ ਬਹਿਸ ਕਰਦਾ ਫਿਰਦਾ ਇਹ ਅੱਤ ਦਾ ਖੋਰੀ ਹੁੰਦਾ

*ਸੈਯਾਦ-ਸ਼ਿਕਾਰੀ *ਮੁਰਸ਼ਦ-ਗੁਰੂ

ਕਾਰ ਵਿਹਾਰ ਵਿਚ ਇਹ ਪਿਛੇ ਰਹਿੰਦਾ ਅਸਮਾਜਿਕ ਇਸਦੇ ਵਿਚਾਰ
ਕੰਮ ਇਸਦੇ ਸਭ ਬੇਤੁਕੇ ਇਹ ਸਮਾਜ ਦੇ ਭਾਰ ਹੁੰਦਾ

ਕਾਂ ਵਰਗੀ ਅੱਖ ਇਸਦੀ ਨਾ ਜਾਣੇ ਕਦੋਂ ਮਾਰੇ ਇਹ ਚੁੰਜ
ਜੀਵਾਂ ਤੋਂ ਨਫ਼ਰਤ ਇਹ ਕਰਦਾ ਇਹ ਵੱਡਾ ਨਾਸਤਿਕ ਹੁੰਦਾ

ਗਿਰਗਿਟ ਦੇ ਵਾਂਗ ਇਹ ਰੰਗ ਬਦਲਦਾ ਛੁਪ ਕੇ ਇਹ ਡੰਗ ਮਾਰਦਾ
ਲਗਦਾ ਪਤਾ ਜਦ ਦਰਦ ਹੁੰਦਾ ਇਹ ਪੂਰਾ ਬਹਰੂਪ ਹੁੰਦਾ

ਦਰਸ਼ਨ ਇਸਦਾ ਮੰਦਭਾਗਾ ਸਾਰਾ ਦਿਨ ਹੁੰਦਾ ਖਰਾਬ
ਜਿਸਮ ਤੋਂ ਬਿਮਾਰ ਰਹਿੰਦਾ ਇਹ ਭੈੜਾ ਮਰਦੂਦ ਹੁੰਦਾ

ਰਾਤਾਂ ਨੂੰ ਡਰ ਡਰਕੇ ਉਠਦਾ ਬੜ ਬੜਾਉਂਦਾ ਸੁਪਨਿਆਂ ਦੇ ਵਿਚ
ਭੈਭੀਤ ਹੋ ਕੰਮਾਂ ਤੋਂ ਅਪਣੇ ਕਹਿਏ ਤਾਂ ਡਰਪੋਕ ਹੁੰਦਾ

ਜਾਣਦਾ ਨਾ ਤਰਜ਼ੀਬ ਨੂੰ ਇਹ ਬਜ਼ੁਰਗਾਂ ਦੀ ਖਿੱਲੀ ਉਡਾਉਂਦਾ
ਬੇਅਦਬ ਤੇ ਬੇਨਿਆਜ ਕਿਸਮਤ ਦਾ ਬਦਨਸੀਬ ਹੁੰਦਾ

ਟਪਰ ਟਪਰ ਸੁੱਟੀ ਜਾਂਦਾ ਬੁੱਲਾਂ ਤੋਂ ਕੌੜੇ ਕੌੜੇ ਬੋਲ
ਇਹ ਬੇਲਗਾਮ ਖੋਤੇ ਦਾ ਵੰਸ਼ਜ ਵੱਡਾ ਬਦਲਗਾਮ ਹੁੰਦਾ

ਕੀਰਤਨ ਭਜਨ ਤੋਂ ਵਾਂਝਾ ਰਹਿੰਦਾ ਦੁਸ਼ਟ ਦਾ ਇਹ ਸਰੂਪ
ਖਿਚ ਲੈਂਦਾ ਸੁਵਾਸਾਂ ਨੂੰ ਕਰਕੇ ਨਿੰਦਾ ਇਹ ਮਹਾਕੁਲੱਛਣਾ ਹੁੰਦਾ

ਆਦਮੀ ਦੀ ਸ਼ਕਲ ਇਸਦੀ ਕੰਮ ਇਸਦੇ ਹੈਵਾਨ ਵਰਗੇ
ਜਗ ਵਿਚ ਨਿਦਾਰਥ ਜਨਮ ਇਸਦਾ ਇਹ ਬਿਨਾ ਛਾਇਆ ਦਾ ਦਰਖਤ ਹੁੰਦਾ

ਬਿਰਥਾ ਇਸਦੀ ਕਮਾਈ ਕੰਮ ਨਾ ਆਉਂਦੀ ਕਿਸੇ ਦੇ
ਛੱਡ ਜਾਂਦਾ ਕਾਲੀ ਕਮਾਈ ਇਹ ਕ੍ਰਿਪਣ ਕਠੋਰ ਹੁੰਦਾ

ਨਿੰਦਕ ਬੇਵਜ਼ਾ ਇਲਜ਼ਾਮ ਲਾਉਂਦਾ ਧੱਕੇ ਤੇ ਲੋਕਾਂ ਨੂੰ ਬੁਰਾ ਬਣਾਉਂਦਾ
ਸਵੇਰੇ ਸ਼ਾਮ ਸਾਜਿਸ਼ ਇਹ ਰਚਦਾ ਇਹ ਵਿਧੁਅੰਸਕਾਰੀ* ਹੁੰਦਾ

ਪਰਪੰਚ ਕਰਦਾ ਬਣਦਾ ਸ਼ਰੀਫ਼ ਦਿਖਾਵੇ ਦੀ ਇਹ ਇਬਾਦਤ* ਕਰਦਾ
ਬਣਦਾ ਆਪ ਵਿਚ ਵੱਡਾ ਧਰਮੀ ਪਰੰਤੂ ਇਹ ਵੱਡਾ ਅਧਰਮੀ ਹੁੰਦਾ

ਸੁਣਾਵੇ ਸੁਣਾਕੇ ਮੱਤ ਮਾਰ ਦਿੰਦਾ ਉਲਟੀ ਅਪਣੀ ਗੰਗਾ ਬਹਾਉਂਦਾ
ਇਸਦਾ ਮਾਰਿਆ ਪਾਣੀ ਨਾ ਮੰਗਦਾ ਇਕ ਵੱਡਾ ਪਿਸ਼ਾਚਰ* ਹੁੰਦਾ

ਇਸਨੂੰ ਕਦੇ ਨਾ ਘਰ ਬੁਲਾਇਯੇ ਸੁਣ ਮੇਰੇ ਉਏ ਦੋਸਤ
'ਬੀਰ' ਨਿੰਦਕ ਅਸਾਡਾ ਦੁਸ਼ਮਨ ਸ਼ੁਰੂ ਤੋਂ ਇਸਤੇ ਕਦੇ ਨਾ ਵਿਸ਼ਵਾਸ ਹੁੰਦਾ

ਨਫ਼ਸ ਦਾ ਇਹ ਕੁੱਤਾ ਹੁੰਦਾ ਅੱਖ ਇਸਦੀ ਬੇਲਿਹਾਜ਼
ਐਸ਼ੋ-ਇਸ਼ਰਤ ਇਸਦਾ ਮਜਹਬ ਇਹ ਮਹਾ ਚਰਿੱਤਰ ਹੀਨ ਹੁੰਦਾ

ਵੇਖਦਾ ਇਹ ਬਦਨਜ਼ਰ ਤੋਂ ਭਾਈ ਭੈਣ ਦੀ ਨਾ ਸ਼ਰਮ ਇਸਨੂੰ
ਪੱਟ ਦਿੰਦਾ ਘਰ ਨੂੰ ਜਿੱਥੇ ਜਾਂਦਾ ਇਹ ਵੱਡਾ ਵ੍ਹਿਵਚਾਰੀ ਹੁੰਦਾ

*ਵਿਧੁਅੰਸਕਾਰੀ-ਬਰਬਾਦੀ ਕਰਨ ਵਾਲਾ, *ਇਬਾਦਤ-ਭਗਤੀ, *ਪਿਸ਼ਾਚਰ-ਰਾਕਸ਼

ਲੰਘਦਾ ਜੋ ਕੋਲੋ ਇਸਦੇ ਪਾੜ ਦਿੰਦਾ ਲੀੜੇ ਉਸਦੇ
ਲੀਰੋ-ਲੀਰ ਕਰਦਾ ਪਗੜੀ ਉਸਦੀ ਇਹ ਕੰਡਿਆਂ ਦੀ ਝਿੰਗ ਹੁੰਦਾ

ਨਿੰਦਕ ਦਾ ਹੈ ਕਾਲਾ ਮੂੰਹ ਗ੍ਰਸ ਲੈਂਦਾ ਉਜਾਲਾ ਗ੍ਰਹਿਣ ਬਣਕੇ
ਜਗਤ ਵਿਚ ਕਰ ਦਿੰਦਾ ਹਨੇਰਾ ਇਹ ਇਨਸਾਨੀਅਤ ਤੇ ਕਾਲਾ ਦਾਗ ਹੁੰਦਾ

ਵਾਯੂਮੰਡਲ ਨੂੰ ਕਰ ਦਿੰਦਾ ਦੂਸ਼ਿਤ ਜ਼ਹਿਰੀਲੀ ਕਰ ਦਿੰਦਾ ਫਿਜ਼ਾ ਨੂੰ
ਲੋਕਾਂ ਦੀ ਮੱਤ ਹਰ ਲੈਂਦਾ ਇਹ ਵੱਡਾ ਕੁਰਾਹੀਆ ਹੁੰਦਾ

ਵਿਚਿਲਿਤ ਕਰ ਦਿੰਦਾ ਜਾਂਦੇ ਜਾਂਦੇ ਰਾਹੀਆਂ ਨੂੰ ਰਾਹ ਤੋਂ
ਸੁੱਟਦਾ ਢੱਠੇ ਖੂਹ ਵਿਚ ਇਹ ਵੱਡਾ ਜਾਲਸਾਜ਼ ਹੁੰਦਾ

ਰੱਖਦਾ ਛਮਤਾ ਦੈਂਤ ਵਰਗੀ ਮੋੜ ਦਿੰਦਾ ਸੱਚ ਤੇ ਚਲਦਿਆਂ
ਪੱਟ ਦਿੰਦਾ ਸੱਚ ਦੀਆਂ ਜੜਾਂ ਨੂੰ ਇਹ ਵੱਡਾ ਅਧਰਮੀ ਹੁੰਦਾ

'ਬੀਰ' ਬਿਮਾਰ ਕਰ ਦਿੰਦਾ ਮਨਾ ਨੂੰ ਕਰਕੇ ਕੂੜ ਦਾ ਪ੍ਰਚਾਰ
ਬੇਪਰਾਂ ਦੀਆਂ ਉਡਾਉਂਦਾ ਖਬਰਾਂ ਇਹ ਤਕਛਤ* ਸੱਪ ਹੁੰਦਾ

*ਤਕਛਤ-ਉਡਣ ਵਾਲਾ ਸੱਪ

ਸੋਚਦਾ ਨਹੀਂ ਬੋਲਣ ਤੋਂ ਪਹਿਲਾਂ ਭੰਮੂਕੇ ਵਾਂਗੂ ਨਿੰਦਕ ਨੱਚੀ ਜਾਂਦਾ
ਨਿੰਦਾ ਕਰ ਕਰ ਲੋਕਾਂ ਦੀ ਖ਼ੁਦ ਅਪਣੀ ਪੜਤ ਗੰਵਾਈ ਜਾਂਦਾ

ਪਿਆਸ ਨਾ ਬੁਝਦੀ ਨਿੰਦਾ ਕਰਕੇ ਹੋਰ ਰਸ ਆਉਂਦਾ ਇਸਨੂੰ
ਖ਼ੁਸ਼ ਹੁੰਦਾ ਕਰਦਾ ਜਦ ਇਹ ਨਿੰਦਾ ਵਧੇਰੇ ਪਿਆਸ ਵਧਾਈ ਜਾਂਦਾ

ਰੱਜਦਾ ਨਾ ਕੁਫਰ ਤੋਲਦਾ ਵਰਤਦਾ ਭੱਦੀ ਭਾਸ਼ਾ ਨੂੰ ਇਹ
ਪੁੱਠੇ ਸਿੱਧੇ ਤਰਕਾਂ ਨਾਲ ਇਹ ਦੋਸ਼ੀ ਦੋਸ਼ ਲਗਾਈ ਜਾਂਦਾ

ਮਰ ਜਾਂਦਾ ਇਹ ਬੁਰੀ ਮੌਤ ਡਰਦਾ ਨਾ ਇਸਦੇ ਚੱਕਰਾਂ ਤੋਂ
ਬਾਰ ਬਾਰ ਨਿੰਦਕ ਹੈ ਮਰਦਾ ਅਪਣੀ ਕਬਰ ਬਣਾਈ ਜਾਂਦਾ

ਪਾਪ ਦੀ ਗਠੜੀ ਸਿਰ ਤੇ ਰਖਕੇ ਗਲੀ ਕੂਚੇ ਤੇ ਹੇਕਾਂ ਲਾਉਂਦਾ
ਕਾਲੀ ਇਸਦੀ ਵਣਜ ਜਗਤ ਵਿਚ ਅੰਮ੍ਰਿਤ ਨੂੰ ਜ਼ਹਿਰ ਬਣਾਈ ਜਾਂਦਾ

ਨੰਗਾ ਹੋਕੇ ਵਿਚਰਦਾ ਜੱਗ ਵਿਚ ਮੁਫਤ ਵਿਚ ਨਿੰਦਾ ਨੂੰ ਵੰਡਦਾ
ਬਾਲਾਂ ਦੇ ਵਿਚ ਵੜਕੇ ਨਿੰਦਕ ਨੰਗਾ ਨਾਚ ਨਚਾਈ ਜਾਂਦਾ

ਬਾਰ ਬਾਰ ਜਨਮਦਾ ਜਗ ਵਿਚ ਇਹ ਬੇਚਿਨਆਂ ਦਾ ਸੌਦਾਗਰ
ਚੈਨ ਦੀ ਰੋਟੀ ਖਾਣ ਨਾ ਦਿੰਦਾ ਮਿਹਨਤ ਨੂੰ ਵਿਅਰਥ ਬਣਾਈ ਜਾਂਦਾ

ਦੂਰ ਰਹੋ ਇਸਦੀ ਸੰਗਤ ਤੋਂ ਪਿੱਠ ਕਰਲੋ ਇਸਨੂੰ ਵੇਖਕੇ
'ਬੀਰ' ਸਾਵਧਾਨ ਰਹਿਣਾ ਇਸਦੇ ਛਲ ਤੋਂ ਇਹ ਹੱਸ ਹੱਸ ਕੇ ਹੱਥ ਮਿਲਾਈ ਜਾਂਦਾ

ਢੱਕ ਦਿੰਦਾ ਅਪਣੇ ਕਾਲੇ ਸਾਏ ਨਾਲ ਸਵੇਰ ਦੇ ਉਜਲੇ ਮੁਖ ਨੂੰ
ਹਰ ਚਿੱਟੀ ਚੀਜ਼ ਦੇ ਮੁਖ ਤੇ ਸਿਆਹ ਵਰਕ ਚੜ੍ਹਾਈ ਜਾਂਦਾ

ਪੀੜਾ ਵਿਚ ਜੰਮਿਆਂ ਪੀੜਤ ਰਹਿੰਦਾ ਪੀੜਾ ਹੀ ਵੰਡਦਾ
ਦਰਦ ਭਰੀ ਇਸ ਦੁਨੀਆਂ ਵਿਚ ਨਿੰਦਕ ਵਧੇਰੇ ਦਰਦ ਪੁਚਾਈ ਜਾਂਦਾ

ਸਦਾਚਾਰ ਹੈ ਦੁਸ਼ਮਣ ਇਸਦਾ ਖਾਣਾ ਖਾਜ ਅਖਾਜ
ਮਹਾਂ ਪਤਿਤ ਨਿੰਦਕ ਦਾ ਜੀਵਨ ਪੱਤਾਂ ਨੂੰ ਖੂਹ ਵਿਚ ਪਾਈ ਜਾਂਦਾ

ਦੂਸ਼ਿਤ ਕਰ ਦਿੰਦਾ ਰਹਿਣ ਸਹਿਣ ਨੂੰ ਖਲੇਰ ਕੇ ਜ਼ਹਿਰ ਫਿਜ਼ਾ ਵਿਚ
ਜ਼ਹਿਰੀਲੀ ਵਸਤਾਂ ਦਾ ਭਖਸ਼ਦ* ਪੌਣਾ ਵਿਚ ਜ਼ਹਿਰ ਰਲਾਈ ਜਾਂਦਾ

ਜਦੋਂ ਵੱਡਿਆ ਤੇ ਨਾ ਜਾਦੂ ਚਲਦਾ ਮਾਸੂਮਾਂ ਨੂੰ ਬਣਾਉਂਦਾ ਸ਼ਿਕਾਰ
ਬਾਲਾਂ ਤੋਂ ਸਕੂਲਾਂ 'ਚ, ਜਾਕੇ ਉਹਨਾਂ ਤੋਂ ਬਕਵਾਸ ਕਰਾਈ ਜਾਂਦਾ

ਇਸਤਰੀ ਤੇ ਬੱਚੇ ਨਿਸ਼ਾਨੇ ਤੇ ਇਸਦੇ ਮੰਨ ਲੈਂਦੇ ਜੋ ਕੁਝ ਇਹ ਕਹਿੰਦਾ
ਅੱਗੇ ਤੋਂ ਅੱਗੇ ਚੁਗਲੀ ਕਰਕੇ ਅਪਣੇ ਵੋਟ ਵਧਾਈ ਜਾਂਦਾ

ਰਾਈ ਦਾ ਪਹਾੜ ਬਣਾ ਕੇ ਪੇਸ਼ ਕਰਦਾ ਮਿਥਿਆ ਦੋਸ਼
ਲੋਕਾਂ 'ਤੇ, ਫਸਾਦ ਕਰਾਕੇ ਹਾਹਾਕਾਰ ਮਚਾਈ ਜਾਂਦਾ

ਨਿੰਦਕ ਕਲਾਕਾਰ ਮਿਥਿਆ ਰਚਨਾ ਦਾ ਰੇਤ ਦੇ ਇਹ ਬਣਾਉਂਦਾ ਘਰ
ਉਹ ਢਹਿ ਢੇਰੀ ਹੋ ਜਾਂਦਾ ਅਪਣਾ ਕੰਮ ਨਬੇੜੀ ਜਾਂਦਾ

ਸ਼ੇਖੀ ਖੋਰ ਸੁਭਾਅ ਨਿੰਦਕ ਦਾ ਅਪਣੀ ਹੀ ਪ੍ਰਸ਼ੰਸਾ ਕਰਦਾ
ਕੁਕਰਮ ਕਰਕੇ ਧਰਤ ਤੇ ਆਪੇ ਹੀ ਇਤਰਾਈ ਜਾਂਦਾ

ਸਭਿਅਤਾ ਦਾ ਪਾਸ ਨਾ ਇਸਨੂੰ ਮਾਣ ਨਾ ਕਰਦਾ ਕਿਸੇ ਦਾ
ਅਪਮਾਨਿਤ ਕਰਕੇ ਲੋਕਾਂ ਨੂੰ ਆਪੇ ਹੀ ਘਬਰਾਈ ਜਾਂਦਾ

*ਭਖਸ਼ਦ-ਖਾਣ ਵਾਲਾ

ਬੇਅਰਥ ਇਸਦੇ ਉਪਰਾਲੇ ਸਿੱਧੀ ਰਾਹਾਂ ਤੇ ਚਲਦਾ ਨਾ
ਬੇਸ਼ਰਮੀ ਇਸ ਦਾ ਪਹਿਰਾਵਾ ਖ਼ੁਦ ਅਪਣੀ ਪੱਤ ਲੁਹਾਈ ਜਾਂਦਾ

ਜੱਕ ਕਦੇ ਨਾ ਆਉਂਦੀ ਇਸਨੂੰ ਉਲਟੀ ਗੰਗਾ ਬਹਾਉਂਦੇ ਨੂੰ
ਢੰਗ ਵਰਤ ਕੇ ਗੈਰ ਕਾਨੂੰਨੀ ਅਪਣੇ ਕੰਮ ਕਰਾਈ ਜਾਂਦਾ

ਖ਼ੁਸ਼ ਹੁੰਦਾ ਲੋਕਾਂ ਦੇ ਦੁਖ ਵਿਚ ਇਹ ਨਿਰਦਈ ਨਿੰਦਕ ਭੈੜਾ
ਅਪਣੇ ਹੀ ਇਹ ਰੋਣੇ ਰੋਂਦਾ ਅਪਣੇ ਦੁਖ ਸੁਣਾਈ ਜਾਂਦਾ

ਉਜਾੜ ਦਿੰਦਾ ਘਰ ਬਾਰਾਂ ਨੂੰ ਅਪਣੇ ਭੈੜੇ ਕੰਮਾਂ ਨਾਲ
ਲੱਗ ਜਾਂਦਾ ਇਹ ਜਿਸਦੇ ਪਿਛੇ ਉਸਨੂੰ ਨਾਚ ਨਚਾਈ ਜਾਂਦਾ

ਹਾਰ ਨਾ ਮੰਨਦਾ ਇਹ ਕਲਜੁਗ ਵਿਚ ਸ਼ੈਤਾਨੀ ਸਾਏ ਇਸ ਉਤੇ
ਜਾਣ ਬੁਝਕੇ ਪੱਤਾਂ ਲਾਹੁੰਦਾ ਖ਼ੁਦ ਨੂੰ ਪਾਕ ਕੁਹਾਈ ਜਾਂਦਾ

ਲਿਬੜਿਆ ਰਹਿੰਦਾ ਗੰਦ ਨਾਲ ਕਈ ਹੋਰਾਂ ਨੂੰ ਲਿਬੇੜ ਦਿੰਦਾ
ਅਗਿਆਨਤਾ ਨਾਲ ਇਸਦੀ ਮਿਤਰਤਾ ਦੁਸ਼ਟਤਾ ਨਾਲ ਪਿਆਰ ਵਧਾਈ ਜਾਂਦਾ

ਚਿੰਤਾ ਵਿਚ ਰਹਿੰਦਾ ਸਦਾ ਇਹ ਅਸਥਿਰ ਇਸਦੇ ਹੱਥ ਪੈਰ
ਬੁੱਧੀ ਇਸਦੀ ਸੁਆਨ ਵਰਗੀ ਇਹ ਕਾਮ ਦੀ ਪਿਆਸ ਵਧਾਈ ਜਾਂਦਾ

ਰਾਤ ਨੂੰ ਨਾ ਇਸਨੂੰ ਨੀਂਦ ਆਉਂਦੀ ਮਾੜੇ ਸੁਪਨੇ ਇਸਨੂੰ ਡਰਾਉਂਦੇ
ਨੀਂਦ ਵਿਚ ਹੀ ਉਠਕੇ ਤੁਰਦਾ ਨ੍ਹੇਰੇ ਵਿਚ ਸੱਟਾਂ ਖਾਈ ਜਾਂਦਾ ਰਹਿੰਦਾ

ਚਿਹਰੇ ਦਾ ਰੰਗ ਜ਼ਰਦ ਰਹਿੰਦਾ ਹਵਾਈਆਂ ਮੁਖ ਤੇ ਰਹਿੰਦੀਆਂ ਸਦਾ
ਅਸ਼ਾਂਤੀ ਮਚਾਈ ਰਖਦਾ ਇਹ ਸ਼ਨੀਚਰ ਵਾਂਗ ਜਲਾਈ ਜਾਂਦਾ

ਇਹ ਚਲਦਾ ਫਿਰਦਾ ਕ੍ਰਿਮ ਹੁੰਦਾ ਗੰਦਗੀ ਇਸਦੀ ਪਸੰਦ
ਬੈਠੀਏ ਨਾ ਇਸਦੇ ਕੋਲ ਇਹ ਬਦਬੂ ਫੈਲਾਈ ਜਾਂਦਾ

ਜੇ ਨਜ਼ਰ ਪੈ ਜਾਵੇ ਕਿਸੇ ਤੇ ਇਸਦੀ ਖਿੱਚ ਲੈਂਦਾ ਭਾਗਾਂ ਨੂੰ ਇਹ
ਮਹਿਮਾ ਘਟਾ ਦਿੰਦਾ ਥਾਂਵਾਂ ਦੀ ਇਹ ਗਲਿਆਂ ਨੂੰ ਗਲੀਚ ਬਣਾਈ ਜਾਂਦਾ

ਡਰਦਾ ਰਹਿੰਦਾ ਕੁਕਰਮ ਕਰਕੇ ਬਾਰ ਬਾਰ ਨੀਵਾਂ ਹੋ ਡਿਗਦਾ
ਭੈਅ ਭੀਤ ਰਹਿੰਦਾ ਸਦਾ ਇਹ ਮਨ ਵਿਚ ਭੈੜੇ ਕੰਮ ਕਰਾਈ ਜਾਂਦਾ

ਕਾਲੀ ਘਟਾ ਇਹ ਬਣਕੇ ਆਉਂਦਾ ਹਵਾ ਤੇ ਹੁੰਦਾ ਸਵਾਰ
ਫੋਕੀ ਹਵਾ ਦਾ ਇਹ ਝੋਕਾ ਹੁੰਦਾ ਸ਼ਰੀਰਾਂ ਦੀ ਤਪਸ਼ ਵਧਾਈ ਜਾਂਦਾ

ਚੱਕਰਾਂ ’ਚ ਪਾਕੇ ਲੋਕਾਂ ਨੂੰ ਭੰਵੀਰੀ ਵਾਂਗ ਘੁਮਾਈ ਰੱਖਦਾ
ਚੱਕਰ ਵਿਊ ਦੀ ਰਚਨਾ ਕਰਦਾ ਉਸ ਵਿਚ ਕਤਲ ਕਰਾਈ ਜਾਂਦਾ

ਘੁਮਰ ਘੇਰੀ ਦੇ ਵਿਚ ਪਾਉਂਦਾ ਕਰ ਦਿੰਦਾ ਜਿਉਂਣਾ ਹਰਾਮ
ਤਕਦੀਰਾਂ ਦਾ ਮੁਨਸਿਫ਼* ਬਣਕੇ ਪੁੱਠੀ ਕਲਮ ਚਲਾਈ ਜਾਂਦਾ

ਸਿੰਗ ਮਿੱਟੀ ਚੁਕਦਾ ਇਹ ਸਿਰ ਤੇ ਰੁੱਖਾਂ ਨੂੰ ਜੜ ਤੋਂ ਪੁਟਦਾ
ਟਕਰਾਂ ਮਾਰਕੇ ਮੱਥਾ ਭੰਨਦਾ ਲਹੂ ਨਾਲ ਨਹਾਈ ਜਾਂਦਾ

*ਮੁਨਸਿਫ਼-ਜੱਜ

ਅੱਖਾਂ ਹੁੰਦਾ ਅੰਨ੍ਹਾ ਹੁੰਦਾ ਚੰਗਾ ਮੰਦਾ ਜਾਣੇ ਨਾ
ਅੰਨ੍ਹੇ-ਵਾਈ ਚਲਦਾ ਚਲਦਾ ਲੋਕਾਂ ਨਾਲ ਟਕਰਾਂ ਖਾਈ ਜਾਂਦਾ

ਬੈਠਣ ਨਾ ਦਿੰਦਾ ਚੈਨ ਨਾਲ ਇਹ ਦੁਵਿਧਾ ਵਿਚ ਰਖਦਾ ਪਾਕੇ
ਪੂੱਛਲ ਤਾਰਾ ਬਣ ਪਿੱਛਾ ਕਰਦਾ ਵੱਟੋ ਵੱਟ ਨਸਾਈ ਜਾਂਦਾ

ਲੁਕ ਜਾਂਦਾ ਇਹ ਇੱਲਤ ਕਰਕੇ ਪੁੱਠੇ ਗੇੜੇ ਦੇਈ ਰਖਦਾ
ਜਾਂਦੇ ਜਾਂਦੇ ਇਹ ਨਿੰਦਾ ਦੇ ਬ੍ਰਹਮ ਅਸਤਰ ਚਲਾਈ ਜਾਂਦਾ

ਬੇਹੁਦਾ ਹਰਕਤ ਇਹ ਕਰਦਾ ਸੱਚ ਦਾ ਇਹ ਗਲਘੋਟੂ
ਬੇਸ਼ਰਮਾ ਦੇ ਕੋਟੇ ਵਿਚ ਅਪਣਾ ਨਾਂ ਲਿਖਾਈ ਜਾਂਦਾ

ਇਕ ਪੈਰ ਇਸਦਾ ਨਰਕ 'ਚ ਹੁੰਦਾ ਦੂਜਾ ਹੁੰਦਾ ਅਨਿਸ਼ਚਤਾ ਵਿਚ
ਟਟੀਹਰੀ ਵਾਂਗ ਅਕਾਸ਼ ਨੂੰ ਚੁਕਦਾ ਭਰਮਾਂ ਦੇ ਵਿਚ ਪਾਈ ਜਾਂਦਾ

ਵਖਰੇ ਵਖਰੇ ਕਰਕੇ ਲੋਕਾਂ ਨੂੰ ਵਸਦੇ ਘਰਾਂ ਨੂੰ ਤੋੜ ਦਿੰਦਾ
ਚੈਨ ਸੁਖ ਸਭ ਖੋਹ ਲੈਂਦਾ ਵਿਸ਼ ਦਾ ਜਾਮ ਪਿਲਾਈ ਜਾਂਦਾ

ਫੁੱਲਾਂ ਨੂੰ ਉਪਰ ਤੋਂ ਲਾਹ ਕੇ ਧੂੜ ਨੂੰ ਕਰ ਦਿੰਦਾ ਨਜ਼ਰ
ਚੰਦਨ ਦੇ ਦਰਖਤਾਂ ਦੇ ਉੱਤੇ ਕਿੱਚੜ ਨੂੰ ਚੜ੍ਹਾਈ ਜਾਂਦਾ

ਰੁੱਤਾਂ ਨੂੰ ਨਾ ਭਾਉਂਦਾ ਨਿੰਦਕ ਅਨੰਦ ਨੂੰ ਕਰ ਦਿੰਦਾ ਗਾਇਬ
ਉਡਾ ਉਡਾ ਕੇ ਖੇਹ ਕੂੜੇ ਨੂੰ ਸਿਰ ਤੇ ਗੰਦ ਪੁਆਈ ਜਾਂਦਾ

ਸਿਰਫਿਰਾ ਜੇ ਕਹੀਏ ਇਸਨੂੰ ਤਾਂ ਕੋਈ ਗੱਲ ਨਾ ਮਾੜੀ ਹੈ
ਬਦਮਗਜ਼ੀ ਦੀਆਂ ਗੱਲਾਂ ਕਰਕੇ ਲੋਕਾਂ ਦੀ ਹਾਸੀ ਉਡਾਈ ਜਾਂਦਾ

ਲੱਖ ਇਸਨੂੰ ਕੋਈ ਗੱਲ ਸਮਝਾਈਏ ਇਸਦੇ ਪੱਲੇ ਪੈਂਦੀ ਨਾ
ਊਟ ਪਟਾਂਗੀ ਜੀਵਨ ਇਸਦਾ ਰੇਤੇ ਵਿਚ ਨਾਂਵ ਚਲਾਈ ਜਾਂਦਾ

ਝਗੜੇ ਤੇ ਉਤਾਰੂ ਰਹਿੰਦਾ ਅੰਗ ਫਰਕਦੇ ਰਹਿੰਦੇ ਇਸਦੇ
ਉੱਖਲੀ ਦੇ ਵਿਚ ਸਿਰ ਨੂੰ ਰਖਕੇ ਮੌਤ ਨੂੰ ਹਾਕਾਂ ਮਾਰੀ ਜਾਂਦਾ

ਹਰ ਉਜਲੇ ਮੂੰਹ ਤੇ ਕਾਲਸ ਮਲਦਾ ਕਾਲਸ ਦਾ ਵਣਜਾਰਾ ਨਿੰਦਕ
ਦਿਲ ਭੀ ਕਾਲਾ ਮਨ ਭੀ ਕਾਲਾ ਭੈੜੇ ਵੈਣ ਸੁਣਾਈ ਜਾਂਦਾ

ਫੁਲਵਾਰੀ ਨਾ ਇਸਨੂੰ ਭਾਉਂਦੀ ਕੰਡਿਆਂ ਦੀ ਇਹ ਫਸਲਾਂ ਲਾਉਂਦਾ
ਭਰਮਾਂ ਦੇ ਇਹ ਸੁਪਨੇ ਲੈਂਦਾ ਹਵਾਈ ਤੀਰ ਚਲਾਈ ਜਾਂਦਾ

ਹਰ ਸ਼ੈ ਵਿਚ ਨਿੰਦਕ ਕਮੀਆਂ ਕਢਕੇ ਮਹਿਮਾਂ ਉਸਦੀ ਘਟ ਕਰ ਦਿੰਦਾ
ਗਰਦਨ ਤੇ ਇਹ ਛੁਰੀ ਫੇਰਦਾ ਪਿੱਛਾ ਦਿਨ ਰਾਤ ਤਕਾਈ ਜਾਂਦਾ

ਆਉਂਦੇ ਜਾਂਦੇ ਹਰ ਵਿਅਕਤੀ ਨੂੰ ਚੁਗਲੀ ਕਰ ਭਰਮਾਉਂਦਾ ਇਹ
ਹੇਰਾ ਫੇਰੀ ਇਸਦਾ ਕਰਤਵ ਲੋਕਾਂ ਦੇ ਖੀਸੇ ਫ਼ੋਲੀ ਜਾਂਦਾ

ਨਿਗਾਹ ਰਖਦਾ ਮਿਲ ਜਾਵੇ ਨੁਕਤਾ ਕੋਈ ਕਬੱਲੀ ਕਰਨ ਦਾ
ਘੜ ਘੜਕੇ ਗੱਲਾਂ ਅਣਹੋਣੀਆਂ ਝੂਠੇ ਦੋਸ਼ ਲਗਾਈ ਜਾਂਦਾ

ਉਹ ਗਲਤੀ ਜੋ ਕਰੀ ਕਦੀ ਨਾ ਧੱਕੇ ਤੇ ਮੰਨਵਾ ਕੇ ਨਿੰਦਕ
ਭੋਲੇ ਭਾਲੇ ਇਨਸਾਨਾਂ ਨੂੰ ਐਂਵੇ ਚੋਰ ਬਣਾਈ ਜਾਂਦਾ

ਚੜ੍ਹਾ ਕੇ ਰੰਗਤ ਝੂਠੇ ਰੰਗਾਂ ਦੀ ਘੜਦਾ ਮਿਥਿਆ ਤਸਵੀਰਾਂ ਨੂੰ
ਅਪਣੀ ਕਲਾ ਬਣਾ ਕੈਨਵਸ ਤੇ ਹਵਾਈ ਚ੍ਿਤ ਬਣਾਈ ਜਾਂਦਾ

ਨਿੰਦਕ ਦੇ ਮੂੰਹ ਤੇ ਛਿਕਲੀ ਲਾਉ ਜੇ ਜੀਉਣ ਦੀ ਰੱਖਣੀ ਆਸ
ਜਿਊਣ ਨਾ ਦਿੰਦਾ ਇਹ ਨਰਭਕਸ਼ੀ ਇਹ ਧਰਤੀ ਨੂੰ ਸਮਸ਼ਾਨ ਬਣਾਈ ਜਾਂਦਾ

ਝਿੜਕ ਦਿਉ ਇਸ ਮੂਰਖ ਨੂੰ ਜਦ ਇਹ ਕਰਦਾ ਹੈ ਬਕਵਾਸਾਂ
ਵਰਨਾ ਇਹ ਵਧ ਵਧ ਕੇ ਅਪਣੇ ਜਾਲ ਵਿਛਾਈ ਜਾਂਦਾ

ਜਦ ਇਹ ਬੋਲੇ ਬੇਤੁਕੀਆਂ ਰੱਖ ਦਿਉ ਇਸਦੇ ਮੂੰਹ ਤੇ ਥੱਪੜ
ਛੱਡ ਦਿਉ ਜੇ ਇਸਨੂੰ ਇੱਦਾਂ ਤਾਂ ਸਭਨੂੰ ਬਰਫ਼ 'ਚ ਲਾਈ ਜਾਂਦਾ

ਹਨੇਰੇ ਦੀਆਂ ਉਡੀਕਾਂ ਵਿਚ ਰਹਿੰਦਾ ਸੂਰਜ ਢਲੇ ਤਾਂ ਗੱਲ ਬਣੇ
ਲੋਕਾਂ ਦੀ ਬੱਤੀ ਗੁਲ ਕਰਕੇ ਘਿਉ ਦੇ ਦੀਪ ਜਲਾਈ ਜਾਂਦਾ

ਸ਼ਿਕਾਰ ਬਣਾਉਂਦਾ ਸਕੂਲੀ ਬਚਿਆਂ ਨੂੰ ਖੇਲ ਖੇਲ ਵਿਚ ਦਿੰਦਾ ਸਿਖਲਾਈ
ਕੱਲਾ ਹੀ ਇਹ ਨੱਚੀ ਜਾਂਦਾ ਬਚਿਆਂ ਨੂੰ ਨਾਚ ਨਚਾਈ ਜਾਂਦਾ

ਵਿਚਾਰ ਕਰੋ ਇਸਦੀ ਹਰਕਤ ਤੇ ਮੰਨੋ ਨਾ ਇਸਦੀਆਂ ਗੱਲਾਂ ਨੂੰ
ਨਿੰਦਕ ਆਪ ਗਲਤੀਆਂ ਕਰਦਾ ਹੋਰਾਂ ਨੂੰ ਗਲਤ ਬਣਾਈ ਜਾਂਦਾ

ਵਿਸ਼ਵਾਸ ਕਰੋ ਨਾ ਇਸਦੀਆਂ ਗੱਲਾਂ ਤੇ ਇਹ ਲਹਿਰ ਬਣਾਉਂਦਾ ਕੂੜਾਂ ਦੀ
ਲੋਕਾਂ ਦੀ ਇਹ ਮੱਤ ਹਰ ਲੈਂਦਾ ਸਭ ਨੂੰ ਗਧਾ ਬਣਾਈ ਜਾਂਦਾ

ਨਿੰਦਕ ਮਜ਼ਮੂਆਂ* ਅਵਗੁਣਾਂ ਦਾ ਨਕਾਰਾਤਮਕ ਟਿੱਪਣੀ ਕਰਦਾ
ਸਿਆਣਿਆਂ ਦੀ ਸਭਾ ਵਿਚ ਵੜਦਾ ਪੁੱਠੀ ਪੜ੍ਹਤ ਪੜ੍ਹਾਈ ਜਾਂਦਾ

ਇਕ ਤੋਂ ਹੋਏ ਦੋ, ਦੋ ਤੋਂ ਹੋਏ ਚਾਰ, ਚਾਰ ਤੋਂ ਹੋਏ ਸੋਲਾਂ
ਨਿੰਦਾ ਦੀ ਮਿੱਠੀ ਗੋਲੀ ਦੇ ਕੇ ਲੱਖਾਂ ਤੋਂ ਨਿੰਦ ਕਰਾਈ ਜਾਂਦਾ

ਕਾਮਯਾਬ ਹੋ ਜਾਂਦਾ ਅਪਣੀ ਵਿਉਂਤ ਵਿਚ ਅੱਗੇ ਤੋਂ ਅੱਗੇ ਅੱਗਾਂ ਲਾਉਂਦਾ
ਦੂਸ਼ਿਤ ਕਰ ਦਿੰਦਾ ਚੌਗਿਰਦਾ ਨਿੰਦਾ ਦੇ ਰੰਗ ਚੜ੍ਹਾਈ ਜਾਂਦਾ

ਨਿੰਦਕ ਇਕ ਫਫੂੰਦੀ ਚਿੰਬੜ ਜਾਂਦੀ ਫੇਰ ਗ੍ਰਿਸ ਲੈਂਦੀ
ਫੈਲਾ ਲੈਂਦਾ ਜੜ੍ਹਾਂ ਅੰਦਰ ਤੀਕ ਕੈਂਸਰ ਵਾਂਗ ਖੁਆਈ ਜਾਂਦਾ

ਨਿੰਦਕ ਕਹਿੰਦੇਮੈਲਾਂ ਧੋਂਦਾ ਇਹ ਕਮਜ਼ੋਰ ਨਜ਼ਰਿਆ ਹੈ
ਬਦਮਗਜ਼ੀ ਦੀਆਂ ਗੱਲਾਂ ਕਰਕੇ ‘ਬੀਰ’ ਤੋਂ ਚੰਮ ਲੁਹਾਈ ਜਾਂਦਾ

ਸੁਰ ਵਿਚ ਕੋਈ ਕੰਮ ਨਾ ਕਰਦਾ ਇਕ ਗੱਲ ’ਚ, ਛੇ ਗਾਲਾਂ ਕਢਦਾ
ਬੇਸੁਰਾ ਸੰਗੀਤ ਛੇੜ ਕੇ ਚਿਮਟਾ ਰਾਗ ਵਜਾਈ ਜਾਂਦਾ

ਹੰਕਾਰੀ ਇਹ ਅੱਤ ਦਾ ਰੱਬ ਦੀ ਹੋਂਦ ਨਾ ਮੰਨਦਾ ਇਹ
ਹਰਨਾਕੁਸ਼ ਦਾ ਵੰਸ਼ਜ ਕਹਿਕੇ ਖ਼ੁਦ ਨੂੰ ਰੱਬ ਕੁਹਾਈ ਜਾਂਦਾ

*ਮਜ਼ਮੂਆਂ-ਸੰਗਹਿ

ਕੰਡਿਆਂ ਦਾ ਇਹ ਵਪਾਰੀ ਹੁੰਦਾ ਸੁੰਦਰਤਾ ਦਾ ਦੁਸ਼ਮਣ ਵੱਡਾ
ਕੰਡਿਆਲੀ ਦੇ ਬੂਟੇ ਲਾਕੇ ਰਸਤੇ ਬੰਦ ਕਰਾਈ ਜਾਂਦਾ

ਨੌਜਵਾਨਾਂ ਨੂੰ ਉਕਸਾ ਦਿੰਦਾ ਝਗੜਿਆਂ ਲਈ ਭੜਕਾਉਂਦਾ ਇਹ
ਮਾਂ ਪਿਉ ਦਾ ਕਰਵਾਕੇ ਕਾਹੀਆ ਬੈਠਾ ਬੈਂਡ ਵਜਾਈ ਜਾਂਦਾ

ਨਿੰਦਕ ਦਾ ਹੁਣ ਸਿੱਕਾ ਚਲਦਾ ਕਲਯੁਗ ਦਾ ਇਹ ਵੱਡਾ ਆਗੂ
ਦਬਿਸ਼ ਦੇ ਕੇ ਲੋਕਾਂ ਤੇ ਨਿੰਦਕ ਖ਼ੁਦ ਨੂੰ ਜੁਵਾਈ ਕੁਹਾਈ ਜਾਂਦਾ

ਵਿਸ਼ੈਲਾ ਕਰ ਪ੍ਰਚਾਰ ਅਮਲ ਦਾ ਹੱਡਾਂ ਨੂੰ ਦਿੰਦਾ ਇਹ ਤੋੜ
ਨਸ਼ਿਆਂ ਦੀ ਦੇ ਕੇ ਇਹ ਗੋਲੀ ਬੈਠਾ ਭੰਗ ਪਿਲਾਈ ਜਾਂਦਾ

ਅਪਣੇ ਹੀ ਇਹ ਕੁਲ ਦਾ ਵੈਰੀ ਮਿੱਟੀ ਵਿਚ ਰਲਾ ਕੇ ਰਖਦਾ
ਮਾਰ ਕੁਹਾੜੀ ਅਪਣੇ ਪੈਰਾਂ ਤੇ ਕਾਲੀਦਾਸ ਕੁਹਾਈ ਜਾਂਦਾ

ਨਿੰਦਕ ਹੀ ਝਗੜੇ ਕਰਵਾਉਂਦਾ ਪੁਠੀਆਂ ਮੱਤਾਂ ਦੇ ਦੇ ਕੇ
ਵੜਕੇ ਵਿਚ ਸਕੇ ਭਰਾਵਾਂ ਦੇ ਘਰਾਂ ਦੀ ਵੰਡ ਕਰਾਈ ਜਾਂਦਾ

ਹਰ ਮਸਲੇ ਵਿਚ ਲੱਤ ਅੜਾਉਂਦਾ ਸਰੋਕਾਰ ਨਾ ਜਿਸਦੇ ਨਾਲ
ਜਾਣ ਬੁਝ ਦੜ ਵੱਟਦਾ ਨਿੰਦਕ ਛੁਪਕੇ ਤੀਰ ਚਲਾਈ ਜਾਂਦਾ

ਬੈਠ ਸਮਾਧੀ ਲਾ ਲੈਂਦਾ ਪਾਖੰਡ ਲਾਕੇ ਮੱਤ ਹਰ ਲੈਂਦਾ
ਨਾਲ ਲਾ ਕੇ ਮਾਸੂਮਾਂ ਨੂੰ ਨਿੰਦਾ ਦੇ ਜੱਗ ਕਰਾਈ ਜਾਂਦਾ

ਕੂੜ ਦਾ ਗੋਲਾ ਹਵਾ ’ਚ ਸੁਟਕੇ ਚੜ੍ਹਾ ਦਿੰਦਾ ਅਸਮਾਨਾਂ ਤੇ
ਨਿੰਦਾ ਦੇ ਹੀ ਬਲਬੂਤੇ ਤੇ ਅਪਣਾ ਪੰਥ ਚਲਾਈ ਜਾਂਦਾ

ਸਦਾ ਖੋਜ ਵਿਚ ਰਹਿੰਦਾ ਕੋਈ ਫਸੇ ਜਾਲ ਵਿਚ ਇਸਦੇ
ਬਾਰ ਬਰੋਲੇ ਠਾਲ ਠਾਲਕੇ ਨਵੇਂ ਚੰਦ ਚੜ੍ਹਾਈ ਜਾਂਦਾ

ਦੋਸ਼ ਲਾ ਕੇ ਝੂਠੇ ਮੂਠੇ ਪਗੜੀ ਨੂੰ ਹੱਥ ਪਾਉਂਦਾ ਇਹ
ਨਿਰਦੋਸ਼ਾਂ ਨੂੰ ਝੂਠ ਫਸਾਕੇ ਫਾਂਸੀ ਦੇ ਲਮਕਾਈ ਜਾਂਦਾ

ਵਾਯੂਮੰਡਲ ਦੇ ਹਰ ਇਕ ਤਲ ਤੇ ਵਿਸ਼ ਦੀ ਤਹਿ ਬਿਛਾਕੇ ਰਖਦਾ
ਪ੍ਰਦੂਸ਼ਿਤ ਕਰਕੇ ਖਾਦ ਪਦਾਰਥ ਕੱਚਾ ਦਹੀਂ ਜਮਾਈ ਜਾਂਦਾ

ਮੇਲ ਜੋਲ ਨੂੰ ਬੰਦ ਕਰਾਕੇ ਭਾਈਚਾਰੇ ਤੇ ਸੱਟ ਮਾਰਦਾ
ਪੜੋਸੀ ਦੇ ਘਰ ਅੱਗਾਂ ਲਾਕੇ, ਅਪਣੀ ਭੁਖ ਮਿਟਾਈ ਜਾਂਦਾ

ਨਿੰਦਕ ਦਾ ਮੂੰਹ ਕਾਲਾ ਹੋਵੇ ਮਹਾਂਪੁਰਖਾਂ ਦੀ ਭੀ ਬਖਸ਼ ਨਾ ਕਰਦਾ
ਬੋਲ ਬੁਲਾਕੇ ਕੌੜ ਕਸੇਲੇ ਲੋਕਾਂ ’ਚ, ਫੁੱਟ ਪੁਆਈ ਜਾਂਦਾ

ਮੱਤ ਮਾਰਦਾ ਲੋਕਾਂ ਦੀ ਇਹ ਕਰ ਦਿੰਦਾ ਮਜਬੂਰ ਸੁਣਨ ਲਈ
ਭੈੜੇ ਕੰਮ ਕਰਾਕੇ ਲੋਕੋ ਅੱਖਾਂ ਨੂੰ ਮਟਕਾਈ ਜਾਂਦਾ

ਦਲਦਲ ਦੇ ਵਿਚ ਲੱਤ ਫਸਾ ਕਹਿੰਦਾ ਅੱਗੇ ਜਾਈ ਜਾ
ਭਸੂੜੀ ਪਾਉਂਦਾ ਜੋ ਕਦੇ ਨਾ ਨਿਕਲੇ, ਭੂਤੀ ਪੰਗਾ ਪਾਈ ਜਾਂਦਾ

ਜੇਕਰ ਗੁਣ ਨਹੀਂ ਤੇਰੇ ਪੱਲੇ ਤਾਂ ਨਿੰਦਕ ਤੋਂ ਬਚਣਾ ਹੈ ਮੁਸ਼ਕਿਲ
ਕਸੂਰ ਲਗਾ ਕੇ ਨਿਰਦੋਸ਼ਾਂ ਤੇ ਖੂਹ 'ਚ ਛਾਲ ਮਰਾਈ ਜਾਂਦਾ

ਨਿਦਾਂ ਦੀ ਸ਼ਤਰੰਜ ਖੇਲਦਾ ਪ੍ਰਭਾਵ ਪਾ ਦਿੰਦਾ ਅਗਲੇ ਤੇ
ਅਪਣੇ ਕੰਮ ਕਰਾਉਣ ਦੇ ਲਈ ਰਿਸ਼ਵਤ ਦਾ ਮਾਲ ਖੁਆਈ ਜਾਂਦਾ

ਕਦੇ ਕਦੇ ਇਹ ਚੁਪ ਕਰ ਜਾਂਦਾ ਹੋਰਾਂ ਤੋਂ ਕਰਵਾਉਂਦਾ ਨਿੰਦਾ
ਨਿਆਣਿਆਂ ਤੋਂ ਗਾਲਾਂ ਕਢਵਾਕੇ ਪੜੋਸੀ ਨੂੰ ਤੰਗ ਕਰਾਈ ਜਾਂਦਾ

ਅਫਵਾਹਾਂ ਫੈਲਾਕੇ ਨਿੰਦਕ ਇਕ ਲਹਿਰ ਬਣਾਉਂਦਾ ਲੋਕਾਂ ਦੇ ਵਿਚ
ਨਿੰਦਕ ਹੈ ਅਪਰਾਧੀ ਵੱਡਾ ਇਹ ਅਫਵਾਹਾਂ ਫੈਲਾਈ ਜਾਂਦਾ

ਧਤੜੇ ਲਾਕੇ ਨਿੰਦਕ ਝੂਠ ਮੂਠ ਦਾ ਬਣਦਾ ਸੱਚਾ
ਲੋਕਾਂ ਦੇ ਇਹ ਡਰਦੇ ਮਾਰੇ ਝੂਠੇ ਮਕਰ ਬਣਾਈ ਜਾਂਦਾ

ਮੱਤ ਮਾਰਕੇ ਮਾਂਵਾਂ ਦੀ ਇਹ ਅਪਣੇ ਪਿੱਛੇ ਲਾ ਲੈਂਦਾ
ਮਾਸੂਮਾਂ ਦੇ ਜੰਮਦੇ ਉਹਨਾਂ ਤੋਂ ਗਧੇ ਦਾ ਜਾਪ ਕਰਾਈ ਜਾਂਦਾ

ਪੜ੍ਹਾਈ ਦੀ ਥਾਂ ਇਹ ਬਾਲਾਂ ਤੇ ਅਨੈਤਿਕ ਗੱਲਾਂ ਕਰਵਾਉਂਦਾ
ਰੋਲਾ ਪਾ ਕੇ ਪਾਠਸ਼ਾਲਾਂ ਵਿਚ ਕੰਨਾਂ ਤੇ ਚੋਟ ਕਰਾਈ ਜਾਂਦਾ

ਪਾਸੇ ਕਰ ਦਿੰਦਾ ਸ਼ਿਸ਼ਟਾਚਾਰ ਦੇ ਸਾਰੇ ਨੁਕਤੇ ਨੂੰ ਨਿੰਦਕ
ਕੀਮਤੀ ਸੰਸਕਾਰਾਂ ਨੂੰ ਨਿੰਦਕ ਬਰਫ਼ਾਂ ਦੇ ਵਿਚ ਲੁਆਈ ਜਾਂਦਾ

ਪਾਪ ਕਮਾਉਂਦਾ ਕਰਕੇ ਨਿੰਦਾ ਕਾਲਸ ਦਾ ਕੁੱਜਾ ਰਖਦਾ ਕੋਲ
ਪਰਉਪਕਾਰ ਭਲਾਈ ਨੂੰ ਨਿੰਦਕ ਖੂੰਜੇ ਦੇ ਵਿਚ ਹੈ ਲਾਈ ਜਾਂਦਾ

ਉਤਪਾਤ ਦਾ ਇਹ ਬੀਜ ਬੀਜਦਾ ਈਰਖਾ ਦਾ ਰੁੱਖ ਲਗਾਉਂਦਾ
ਅਮਾਨਵਤਾ ਦਾ ਪਾਠ ਪੜ੍ਹਾ ਕੇ ਲੋਕਾਂ ਨੂੰ ਦੁਸ਼ਟ ਬਣਾਈ ਜਾਂਦਾ

ਕਲਾਵਾਂ ਦਾ ਇਹ ਦੁਸ਼ਮਣ ਵੱਡਾ ਸਤਕਾਰਾਂ ਤੋਂ ਹੁੰਦਾ ਵਾਂਝਾ
ਵਾਯੂ ਮੰਡਲ ਵਿਚ ਤਲਖੀ ਪੈਦਾ ਕਰਕੇ ਫੁਲਾਂ ਦੇ ਰੰਗ ਉਡਾਈ ਜਾਂਦਾ

ਅਸ਼ੁਭ ਕੰਮਾਂ ਦਾ ਨਿੰਦਕ ਪ੍ਰਸੰਸ਼ਕ ਮੇਲ ਜੋਲ ਦਾ ਵੱਡਾ ਦੁਸ਼ਮਨ
ਫੁਲਵਾਰੀ ਨੂੰ ਪੁਟ ਕੇ ਨਿੰਦਕ ਕੰਡਿਆਂ ਦੀ ਵਾੜ ਲਗਾਈ ਜਾਂਦਾ

ਉਕਸਾਹਟ ਕਰਕੇ ਭਰਾਵਾਂ ਵਿਚ ਵੈਰ ਪੁਆ ਦਿੰਦਾ ਇਹ ਜ਼ਾਲਿਮ
ਵਸਦੇ ਘਰਾਂ ਦੇ ਵਿਚ ਇਹ ਨਿੰਦਕ ਵੱਡੀਆਂ ਤੇੜਾਂ ਪਾਈ ਜਾਂਦਾ

ਅਪਣੇ ਵਰਗੇ ਇਕੱਠੇ ਕਰਕੇ ਲੋਕਾਂ ਦਾ ਝੁੰਡ ਬਣਾਉਂਦਾ ਇਹ
ਝੱਲਿਆਂ ਦੀ ਟੋਲੀ ਤੋਂ ਨਿੰਦਕ ਅਪਣੀ ਸਿਫਤ ਕਰਾਈ ਜਾਂਦਾ

ਹੈਂ ਬਥੇਰੇ ਜੋ ਮਿਲ ਜਾਂਦੇ ਹਨ ਇਸਦੇ ਵਰਗੇ ਇਸਨੂੰ ਲੋਕੋ
ਵੇਹਲੇ ਆਲਸੀ ਲੋਕਾਂ ਤੋਂ ਨਿੰਦਕ ਮੱਥਾ ਇਹ ਟਿਕਵਾਈ ਜਾਂਦਾ

ਨਿੰਦਕ ਅਨਹੋਣੀਆਂ ਗੱਲਾਂ ਦਾ ਆਸ਼ਿਕ ਝੂਠੀ ਖਬਰਾਂ ਫੈਲਾਉਂਦਾ
ਹਿੱਕ ਧੱੜਕੇ ਪਾਕੇ ਯਾਰੋ ਦਿਲ ਦੇ ਦੌਰੇ ਪਾਈ ਜਾਂਦਾ

ਅਪਣਾ ਪੰਥ ਚਲਾਉਣ ਦੇ ਲਈ ਨਿੰਦਕ ਫਿਰਦਾ ਗਲੀ ਗਲੀ
ਨਿੰਦਾ ਦੀ ਮਾਲਾ ਫੇਰਕੇ ਕਰਤਵ ਇਹ ਦਿਖਲਾਈ ਜਾਂਦਾ

ਬਹਰੂਪ ਨਾਟਕੀ ਢੰਗ ਵਰਤ ਕੇ ਮਿੱਠੀ ਗੋਲੀ ਦੇ ਦਿੰਦਾ
ਭੇਸ ਬਦਲਕੇ ਕਈ ਵਾਰ ਇਹ ਭੂਤਨਾਥ ਕਹਾਈ ਜਾਂਦਾ

ਡਾਂਸ ਮੱਖੀ ਵਾਂਗ ਖ਼ੂਨ ਚੂਸਦਾ ਪੂਰਾ ਨਾ ਕਰਦਾ ਕੋਈ ਵਾਇਦਾ
ਅਪਣੀ ਸਾਜਿਸ਼ ਵਿਚ ਸਫਲ ਹੋਣ ਤੇ ਚੁਟਕੀਆਂ ਇਹ ਬਜਾਈ ਜਾਂਦਾ

ਨਿੰਦਾ ਦੇ ਇਹ ਰਾਗ ਸੁਣਾ ਕੇ ਮੁਗਧ ਕਰ ਲੈਂਦਾ ਕਈ ਨੂੰ
ਸਫਲ ਹੋ ਜਾਂਦਾ ਕਦੀ ਕਦੀ ਇਹ ਉਸਦੇ ਜਸ਼ਨ ਮਨਾਈ ਜਾਂਦਾ

ਜੀਵਨ ਦੀ ਇਹ ਜਾਂਚ ਤੋਂ ਵਾਂਝਾ ਨਾ ਕੋਈ ਇਸਦੀ ਮੰਜ਼ਿਲ
ਬਰਬਾਦੀ ਕਰਦਾ ਲੋਕਾਂ ਦੀ ਬੇੜਾ ਗਰਕ ਕਰਾਈ ਜਾਂਦਾ

ਛੁੱਟ ਭਲਾਈ ਸਭ ਕੁਝ ਕਰਦਾ ਸਾਰਾ ਦਿਨ ਕੁਰਲਾਂਦਾ ਇਹ
ਪੁੱਠੇ ਰਾਹਾਂ ਤੇ ਇਹ ਚਲਦਾ ਮੁੜ ਮੁੜ ਸੱਟਾਂ ਖਾਈ ਜਾਂਦਾ

ਲੋਕਾਂ ਦੀਆਂ ਵਸਤਾਂ ਹਥਿਆਉਂਦਾ ਇਮਾਨਦਾਰੀ ਦਾ ਦਾਵਾ ਕਰਦਾ
ਦੂਜੇ ਦਾ ਇਹ ਹੱਕ ਮਾਰਦੇ ਲੋਕਾਂ ਦੀਆਂ ਵੱਟਾਂ ਵਾਹੀ ਜਾਂਦਾ

ਬਜ਼ੁਰਗਾਂ ਦੀ ਇਜ਼ੱਤ ਨਾ ਕਰਦਾ ਦਾੜ੍ਹੀ ਨੂੰ ਹੱਥ ਪਾਈ ਜਾਂਦਾ
ਮਾਂ ਪਿਉ ਦਾ ਇਹ ਮਾਣ ਰੱਖਦਾ ਨਾਂ ਨੂੰ ਬੱਟਾ ਲਾਈ ਜਾਂਦਾ

ਪ੍ਰਾਕ੍ਰਿਤ ਜੀਵਨ ਤੋਂ ਵਾਂਝਾ ਫਫੜੇ ਲਾ ਲਾ ਦਿਨ ਕੱਢਦਾ
ਗੰਦੇ ਛਿੱਟੇ ਪਾਉਂਦਾ ਹੋਰਾਂ ਤੇ ਖ਼ੁਦ ਚਿੱਕੜ ਵਿਚ ਨਹਾਈ ਜਾਂਦਾ

ਸਾਰ ਨਾ ਜਾਣੇ ਇਹ ਜੀਵਨ ਦਾ ਹਨੇਰੇ ਵਿਚ ਵਿਚਰਦਾ ਨਿੰਦਕ
ਚੁਗਲੀ ਨਿੰਦਾ ਕਰਕੇ ਨਿੰਦਕ ਅਪਣਾ ਜਨਮ ਗਵਾਈ ਜਾਂਦਾ

ਬੁੱਧੀ ਨਾਲ ਇਹ ਗੱਲ ਨਾ ਕਰਦਾ ਵਿਅੰਗਾਂ ਨੂੰ ਕਸਦਾ ਰਹਿੰਦਾ
ਮੱਤਾਂ ਦੀ ਕੋਈ ਗੱਲ ਨਾ ਕਰਦਾ ਅਪਣੀ ਪੱਗ ਲੁਹਾਈ ਜਾਂਦਾ

ਜਿਸਦੇ ਮਗਰ ਹੈ ਲੱਗਦਾ ਨਿੰਦਕ ਉਸਨੂੰ ਮੂਲ ਮੁਕਾਉਂਦਾ ਇਹ
ਘਿਰਣਾ ਦੀ ਇਹ ਅੱਗ ਬਾਲਕੇ ਵੱਡੇ ਕਾਂਡ ਕਰਾਈ ਜਾਂਦਾ

ਮਾਲਕ ਦੇ ਇਹ ਚੁਗਲੀ ਕਰਕੇ ਬਰਖਿਲਾਫ ਕਰ ਦੇਊਗਾ
ਨੌਕਰੀ ਵਿਚੋਂ ਕੱਢਵਾ ਦਿੰਦਾ ਪੱਤਾ ਸਾਫ ਕਰਾਈ ਜਾਂਦਾ

ਭਾਈ ਭੈਣ ਨਾ ਇਸਨੂੰ ਦਿਸਦਾ ਗੱਲਾਂ ਵਿਚ ਫਸਾਉਂਦਾ ਇਹ
ਹਰ ਰਿਸ਼ਤੇ ਤੇ ਇਹ ਸ਼ੱਕ ਕਰਦਾ ਵਹਿਮਾਂ ਦੇ ਵਿਚ ਹੈ ਪਾਈ ਜਾਂਦਾ

ਚਰਿੱਤਰ ਹਨਨ ਕਰਕੇ ਲੋਕਾਂ ਦਾ ਜ਼ਖ਼ਮੀ ਕਰਦਾ ਢਾਂਚੇ ਨੂੰ
ਪਾਕ ਸਾਫ਼ ਲੋਕਾਂ ਤੇ ਨਿੰਦਕ ਉਂਗਲੀ ਖੜੀ ਕਰਾਈ ਜਾਂਦਾ

ਪੀੜਿਤ ਕਰਦਾ ਸਮਾਜਿਕ ਜੀਵਨ ਸੋਗਾਂ ਦੇ ਵਿਚ ਪਾਉਂਦਾ ਇਹ
ਫੱਟੇ ਚੁਕ ਕੇ ਨਿੰਦਾ ਦੇ ਨਿੰਦਕ ਦੰਗੇ ਨਿੱਤ ਕਰਾਈ ਜਾਂਦਾ

ਅਨ੍ਹੇਵਾਹੀ ਕੰਮ ਇਹ ਕਰਦਾ ਅਫਰਾ ਤਫਰੀ ਪਾ ਕੇ ਰਖਦਾ
ਮਕਸਦ ਇਸਦੇ ਕੋਈ ਨਾ ਪੱਲੇ ਹਨੇਰੇ ’ਚ, ਤੀਰ ਚਲਾਈ ਜਾਂਦਾ

ਰਾਤਾਂ ਨੂੰ ਇਹ ਡਰ ਡਰ ਉਠਦਾ ਨਿੰਦਾ ਦਾ ਭੂਤ ਸਤਾਉਂਦਾ ਇਸਨੂੰ
ਚੌਰਾਸੀ ’ਚ, ਪੈ ਕੇ ਨਿੰਦਕ ਬਿਰਥਾ ਜਨਮ ਗਵਾਈ ਜਾਂਦਾ

ਦਿਸਦਾ ਇਹ ਮਾਨਸ ਦੇ ਵਾਂਗੂ ਪਰ ਵਸਦਾ ਇਸਦੇ ਵਿਚ ਪਸ਼ੂ
ਜੰਗਲ ਦੇ ਵਿਚ ਰਹਿੰਦਾ ਸੀ ਇਹ ਜੰਗਲ ਦੇ ਵੱਲ ਹੀ ਜਾਈ ਜਾਂਦਾ

ਕਲਜੁਗ ਦੇ ਵਿਚ ਇਸਦਾ ਵੱਡਾ ਖੇਤਰ, ਮੁਸ਼ਕਿਲ ਇਸ ਤੋਂ ਬਚ ਨਿਕਲਨਾ
ਲੋਕਾਂ ਦੀ ਚਿੱਟੀ ਚਾਦਰ ਤੇ ਪੱਕੇ ਦਾਗ ਲਗਾਈ ਜਾਂਦਾ

ਲੋਕ ਭਾਲਾਈ ’ਚ ਲੈਂਦਾ ਨਾ ਹਿੱਸਾ ਸਮਾਜ ਦੇ ਵਿਚ ਪਾਉਂਦਾ ਇਹ ਤੇੜਾਂ
ਨਿੱਤ ਅੜਿੱਕੇ ਪਾਕੇ ਨਿੰਦਕ ਵਿਕਾਸ ਦੇ ਕੰਮ ਖੜ੍ਹਾਈ ਜਾਂਦਾ

ਸਿਆਸੀ ਚਾਲਾਂ ਦਾ ਚਲਣਾ ਇਸਦਾ ਮੁਖ ਅਸਤਰ ਸ਼ਸ਼ਤਰ ਹੈ
ਰਾਜਨੇਤਾ ਜੇ ਬਣਦਾ ਨਿੰਦਕ ਦੇਸ਼ਾਂ ’ਚ ਜੰਗ ਕਰਾਈ ਜਾਂਦਾ

ਵਣਜ ਵਿਚ ਕਰਦਾ ਬੇਇਮਾਨੀ ਮਹਿੰਗਾਈ ਵਧਾਉਂਦਾ ਇਹ
ਲੋਕਾਂ ਦੇ ਇਹ ਹੱਕ ਮਾਰ ਮਾਰਕੇ ਦਾੜ੍ਹੀ ਨੂੰ ਪਟਵਾਈ ਜਾਂਦਾ

ਹਰ ਪੜੋਸੀ ਤੇ ਅੱਖ ਇਹ ਰਖਦਾ ਕੋਣ ਆਉਂਦਾ ਤੇ ਜਾਂਦਾ ਹੈ
ਧੀ ਬੇਟੀ ਦੀ ਚੁਗਲੀ ਕਰਦਾ ਲੋਕਾਂ ਦਾ ਘਾਣ ਕਰਾਈ ਜਾਂਦਾ

ਸੋਚ ਭੀ ਭੈੜੀ ਦਿਖ ਭੀ ਭੈੜੀ ਕਾਲਸ ਦਾ ਵੱਡਾ ਕੁੱਜਾ ਇਹ
ਕੱਢ ਕੱਢ ਉਸ ਵਿਚੋਂ ਕਾਲਸ ਹੋਰਾਂ ਦੇ ਮੱਥੇ ਲਾਈ ਜਾਂਦਾ

ਕਾਇਰਤਾ ਦੇ ਕੰਮ ਕਰੂਗਾ ਨਿੰਦਕ ਮੈਦਾਨੋ ਭੱਜੂਗਾ
ਬੁਜਦਿਲੀ ਦੇ ਕੰਮਾਂ ਨੂੰ ਕਰਕੇ ਆਪ ਨੂੰ ਮਰਦ ਕੁਹਾਈ ਜਾਂਦਾ

ਜਿਊਣ ਦੀ ਇਹ ਜਾਚ ਨਾ ਸਿਖੂ ਜਿਉਂਦੇ ਜੀ ਮਰ ਜਾਊਗਾ
ਮਗਰਮੱਛ ਦੇ ਹੰਝੂ ਰੋਂਦਾ ਵੱਡਾ ਹਮਦਰਦ ਕੁਹਾਈ ਜਾਂਦਾ

ਨਿੰਦਾ ਦੇ ਨਿੰਦਕ ਸੱਪ ਰੱਖਦਾ ਛੱਡ ਦਿੰਦਾ ਇਹਨਾਂ ਨੂੰ ਇਹ
ਦਿਨ ਚੜ੍ਹਦੇ ਨੂੰ ਇਹ ਦੁਸ਼ਕਰਮੀ ਨਿਤ ਨਵੇਂ ਸੱਪ ਕਢਾਈ ਜਾਂਦਾ

ਬੱਕਰੇ ਦੇ ਸਿੰਗਾ ਹੱਥ ਪਾਕੇ ਬਾਦ ਵਿਚ ਪਛਤਾਉਂਦਾ ਨਿੰਦਕ
'ਬੀਰ' ਵਰਗੇ ਖ਼ੁੱਰਾਟਾਂ ਤੋਂ ਬੈਠਾ ਛਿੱਤਰ ਖਾਈ ਜਾਂਦਾ

ਨਿੰਦਾ ਦੇ ਤਿਣਕੇ ਚੁਣ ਚੁਣ ਕੇ ਨਿੰਦਕ ਪਹਾੜ ਦਿੰਦਾ ਇਸਦਾ ਬਣਾ
ਇਹ ਨਿੰਦਾ ਦੀ ਅੱਗ ਬਾਲ ਕੇ ਧੂਣੀ ਵਿਚ ਡੱਕਾ ਪਾਈ ਜਾਂਦਾ

ਨਿੰਦਾ ਕਰਕੇ ਖੁਸ਼ ਹੁੰਦਾ ਨਿੰਦਕ ਰਸ ਇਸਦਾ ਵਧੇਰੇ ਆਉਂਦਾ
ਨਿੰਦਾ ਦੇ ਸੁਆਦਾਂ ਦਾ ਪੱਟਿਆ ਅਪਣੀ ਹਵਸ ਵਧਾਈ ਜਾਂਦਾ

ਕੂਚੀ ਫੇਰਕੇ ਨਿੰਦਕ ਨਿੰਦਾ ਦੀ ਸ਼ਕਲ ਬਿਗਾੜ ਦਿੰਦਾ ਹੈ ਇਹ
ਲੋਕਾਂ ਨੂੰ ਨਿੰਦਾ ਵਿਚ ਰੰਗ ਕੇ ਲੱਤਾਂ ਹੇਠ ਲੰਘਾਈ ਜਾਂਦਾ

ਅਪਣੀ ਇੱਜਤ ਦਾ ਖਿਆਲ ਨਾ ਇਸਨੂੰ ਲੋਕਾਂ ਨੂੰ ਹੱਥ ਪਾਉਂਦਾ ਇਹ
ਲੋਕਾਂ ਦੇ ਨਾਲ ਪੰਗਾ ਲੈ ਕੇ ਦਾੜ੍ਹੀ ਨਿੱਤ ਪਟਾਈ ਜਾਂਦਾ

ਲੰਘ ਨਾ ਸਕਿਆ ਕੋਈ ਸੁੱਕਾ ਨਿੰਦਕ ਦੇ ਤਿੱਖੇ ਤੀਰਾਂ ਤੋਂ
ਨਿੰਦਾ ਦਾ ਪ੍ਰਚਾਰ ਕਰਾਕੇ ਨਾਸਾਂ ਵਿਚ ਨੱਥਾਂ ਪਾਈ ਜਾਂਦਾ

ਵਿਚ ਫਿਜ਼ਾ ਦੇ ਸੁਟ ਬੰਬ ਨਿੰਦਾ ਦੇ ਅਪਣੇ ਨਾਲ ਲਾਉਂਦਾ ਖ਼ਲਕਤ ਨੂੰ
ਨਿੰਦਾ ਦਾ ਪਰਜੀਵੀ ਨਿੰਦਕ ਕਾਇਆ ਨੂੰ ਗਲਾਈ ਜਾਂਦਾ

ਨਿੰਦਾ ਕਰ ਜਗਤ ਦੇ ਲੋਕਾਂ ਦੀ ਸੱਚ ਨੂੰ ਇਹ ਦਿੰਦਾ ਹਰਾ
ਇੰਤਹਾ* ਕਰਕੇ ਨਿੰਦਾ ਦੀ ਨਿੰਦਕ ਅਪਣੇ ਵੱਸ ਕਰਾਈ ਜਾਂਦਾ

ਪੈਰਾਂ ਨਾਲ ਗਰਦ ਉੜਾਕੇ ਅਪਣੇ ਹੀ ਸਿਰ ਤੇ ਪਾਉਂਦਾ ਇਹ
ਨਿੰਦਾ ਦੀ ਛੁਡੱਲ ਵਿਚ ਨਿੰਦਕ ਪੰਜ ਇਸ਼ਨਾਨ ਕਰਾਈ ਜਾਂਦਾ

ਹਨੇਰੇ ਦਾ ਇਹ ਲਾਭ ਉਠਾਕੇ ਰਾਤ-ਬ-ਰਾਤ ਡਰਾ ਕੇ ਰੱਖਦਾ
ਨਿੰਦਕ ਰਾਤਾਂ ਨੂੰ ਜਾ ਜਾ ਕੇ ਕੁੰਡਿਆਂ ਨੂੰ ਖੜਕਾਈ ਜਾਂਦਾ

ਅਪਣੇ ਬਚਨ ਨਾ ਪੂਰੇ ਕਰਦਾ ਨਿਤ ਨਵੇਂ ਬਹਾਨੇ ਕਰਦਾ ਇਹ
ਵਾਅਦੇ ਕਦੇ ਨਾ ਪੂਰੇ ਕਰਦਾ ਗੱਲਾਂ ਨਾਲ ਸਰਾਈ ਜਾਂਦਾ

ਬਚਿਆਂ ਬਾਲਾਂ ਵਾਲੇ ਘਰ ਵਿਚ ਜਾ ਕੇ ਉਹਨਾਂ ਨੂੰ ਸਿਖਲਾਉਂਦਾ ਇਹ
ਨਿੰਦਾ ਦੀ ਤਕਨੀਕਾਂ ਦੱਸਦਾ ਬਾਲਾਂ ਤੋਂ ਪਾਪ ਕਰਾਈ ਜਾਂਦਾ

ਪੱਤਾਂ ਦੀ ਨਿੰਦਕ ਲੀਰਾਂ ਕਰਦਾ ਝੂਠ ਬੋਲਦਾ ਇਹ ਨਾ ਥੱਕਦਾ
ਨਿੰਦਾ ਦਾ ਬਵੰਡਰ ਬਣਕੇ ਸਿਰ ਤੇ ਪੱਗਾਂ ਲਾਹੀ ਜਾਂਦਾ

ਜਾਣ ਬੁਝ ਕੇ ਮੂਰਖ ਬਣਦਾ ਗ਼ੈਰਤ ਨਾ ਇਸਦੇ ਪੱਲੇ
ਅੱਗ ਬਾਲ ਕੇ ਇਹ ਨਿੰਦਾ ਦੀ ਅਪਣਾ ਆਪ ਜਲਾਈ ਜਾਂਦਾ

ਮਲੀਨਤਾ ਦਾ ਵਿਸ਼ ਘੋਲਦਾ ਖਾਦ ਪਦਾਰਥ ਜ਼ਹਰੀਲਾ ਕਰਦਾ
ਪਾਣੀਆਂ ਨੂੰ ਇਹ ਗੰਦਾ ਕਰਕੇ ਅਪਣਾ ਆਪ ਹੜ੍ਹਾਈ ਜਾਂਦੀ

ਢਾਈ ਹੱਥ ਦੂਰ ਰਖੋ ਨਿੰਦਕ ਨੂੰ ਜੇਕਰ ਜੀਉਣਾ ਹੈ ਚੱਜ ਨਾਲ
ਇਹ ਦੁਖਦਾਈ ਕਰਦਾ ਜੀਵਨ ਜਿਊਣ ਦੀ ਆਸ ਬੁਝਾਈ ਜਾਂਦਾ

ਜੇਕਰ ਇਸਦੀ ਗੱਲ ਨਾ ਮੰਨੀ ਝੂਠੀ ਤੋਂਹਮਤ ਲਾ ਦਿੰਦਾ
ਨਿੰਦਾ ਦਾ ਇਹ ਸੱਪ ਛੱਡ ਕੇ ਵਟੋ ਵੱਟ ਨਸਾਈ ਜਾਂਦਾ

ਇਹ ਇਕ ਭੈੜੇ ਸੁਪਨੇ ਵਰਗਾ ਨੀਂਦਾਂ ਨੂੰ ਇਹ ਆਉਣ ਨਾ ਦਿੰਦਾ
ਇਹ ਕਲਜੋਗੀ ਸੁਪਨੇ ਵਿਚ, ਆਕੇ ਰਾਤਾਂ ਨੂੰ ਡਰਾਈ ਜਾਂਦਾ

ਨਿੰਦਾ ਦੇ ਨੁਸਖੇ ਨਾਲ ਰੱਖਦਾ ਲੋਕਾਂ ਤੇ ਛੁਹਾਈ ਜਾਂਦਾ
ਅਪਣੇ ਵਸ ਕਰਕੇ ਲੋਕਾਂ ਨੂੰ ਪਾਣੀ ਮੁਫਤ ਭਰਾਈ ਜਾਂਦਾ

ਕੰਮ ਕਿਸੇ ਦਾ ਕਰਕੇ ਨਾ ਦਿੰਦਾ ਪਹਿਲਾਂ ਪੈਸੇ ਲੈ ਲੈਂਦਾ
ਅਪਣੇ ਘਰ ਦੇ ਆਲੇ ਦੁਆਲੇ ਚੱਕਰ ਇਹ ਲੁਆਈ ਜਾਂਦਾ

ਲੂੰਬੜ ਵਰਗਾ ਸ਼ਾਤਿਰ ਨਿੰਦਕ ਝਪਟਾ ਝਪਟੀ ਕਰਦਾ ਰਹਿੰਦਾ
ਹੱਥਾਂ ਤੋਂ ਖੋਹ ਲੈਂਦਾ ਰੋਟੀ ਨੂੰ ਪਸ਼ਚਾਤਾਪ ਕਰਾਈ ਜਾਂਦਾ

ਸਵੇਰ ਤੋਂ ਲੈਕੇ ਸ਼ਾਮਾਂ ਤੀਕ ਇਕੋ ਰੱਟ ਨੂੰ ਲਾਈ ਰੱਖਦਾ
ਬਾਜ਼ ਨਾ ਆਉਂਦਾ ਅਪਣੀ ਹਰਕਤ ਤੋਂ ਮੁੜ ਮੁੜ ਲਹੂ ਜਲਾਈ ਜਾਂਦਾ

ਨਿੰਦਾ ਦਾ ਪੱਥਰ ਕਰਦਾ ਸਥਾਪਿਤ ਆਉਣ ਵਾਲੀ ਪੀਹੜੀਆਂ ਲਈ
ਨਿੰਦਾ ਦਾ ਇਹ ਦੁੱਧ ਬਣਾਕੇ ਖੱਟਾ ਦਹੀਂ ਜਮਾਈ ਜਾਂਦਾ

ਮੱਤ ਹਰ ਲੈਂਦਾ ਚੰਗੇ ਚੰਗੇ ਦੀ ਸ਼ੱਕ ਦਾ ਵਿਕ੍ਰੇਤਾ ਨਿੰਦਕ
ਬਾਲਾਂ ਤੇ ਔਰਤਾਂ ਨੂੰ ਵਰਗਲਾਕੇ ਵਿਵੇਕਾਂ ਦਾ ਨਾਸ ਮਰਾਈ ਜਾਂਦਾ

ਹਕੀਮ ਸਮਝਦਾ ਖ਼ੁਦ ਨੂੰ ਨਿੰਦਕ ਗਲਤ ਇਲਾਜ ਕਰਾਈ ਜਾਂਦਾ
ਲਾਲ ਬੁਝੱਕੜ ਬਣਦਾ ਨਿੰਦਕ ਬੇਲੋੜੇ ਅੰਗ ਵਡ੍ਹਾਈ ਜਾਂਦਾ

ਸੇਧਾਂ ਲੈਂਦਾ ਘਰ ਵਿਚ ਬੈਠਾ ਛੇੜਾ ਛੇੜੀ ਕਰਦਾ ਰਹਿੰਦਾ
ਦੂਰ ਹੀ ਬੈਠਾ ਨਿੰਦਕ ਭੈੜਾ ਨਿੰਦਾ ਦੇ ਤੀਰ ਚਲਾਈ ਜਾਂਦਾ

ਚੁਗਲੀ ਖਾਂਦਾ ਚੁਗਲੀ ਪੀਂਦਾ ਨਿੰਦਾ ਦਾ ਲਹੂ ਬਣ ਵਗਦਾ ਇਸ ਵਿਚ
ਬੇਅਰਥ ਜਿਊਣਾ ਨਿੰਦਕ ਦਾ ਵੇਹਲਾ ਜਿੰਦ ਗੰਵਾਈ ਜਾਂਦਾ

ਤਿਆਰ ਕਰਦਾ ਨਿੰਦਾ ਦੀ ਪੌਦ ਬਣਾ ਬਣਾ ਨਿੰਦਾ ਦੀ ਕਿਆਰੀ
ਖੇਤੀ ਕਰਦਾ ਇਹ ਨਿੰਦਾ ਦੀ ਇਸਦੇ ਹੀ ਬੂਟੇ ਲਾਈ ਜਾਂਦਾ

ਬੁਰਾਈ ਦੇ ਇਹ ਪਾਣੀ ਦੇ ਵਿਚ ਨਿੰਦਾ ਦੇ ਬੂਟੇ ਉਗਾਉਂਦਾ
ਯੋਜਨਾ ਤਹਿਤ ਤਿਆਰ ਕਰਦਾ ਪਾਲਦਾ ਨਿੰਦਾ ਦੀ ਖਾਦਾਂ ਪਾਈ ਜਾਂਦਾ

ਸੂਲਾਂ ਦੇ ਇਹ ਬੂਟੇ ਲਾਉਂਦਾ ਲੰਘਦੇ ਹੋਏ ਰਾਹੀਆਂ ਦੇ ਪੈਰਾਂ ਨੂੰ ਚੁਭਾਊਗਾ
ਨਿੰਦਾ ਦੇ ਬੂਟੇ ਫਿਰ ਉਗਦੇ ਕੰਡਿਆਂ ਤੋਂ ਜ਼ਖ਼ਮ ਕਰਾਈ ਜਾਂਦਾ

ਵਿੱਚ ਪਟੇ ਦੇ ਰਸਤੇ ਦੱਸਦਾ ਸਿੱਧੀ ਰਾਹਾਂ ਨਾ ਦਸਦਾ ਨਿੰਦਕ
ਕੰਨਾਂ ਦੇ ਵਿਚ ਫੂਕ ਮਾਰਕੇ ਰਸਤੇ ਤੋਂ ਭਟਕਾਈ ਜਾਂਦੀ

ਬਚਕੇ ਚਲੋ ਇਸ ਨਿੰਦਕ ਤੋਂ ਹੱਥਾਂ ਤੇ ਵਿਚ ਇਸਦੇ ਬੀਮਾਰੀ
ਕਿੱਸਾ-ਕੋਤਾ* ਨਿੰਦਕ ਇਕ ਕਿਟਾਣੂ ਰੋਗਾਂ ਨੂੰ ਫੈਲਾਈ ਜਾਂਦਾ

ਲੋਕੋ ਨਿੰਦਕ ਤਾਂ ਖ਼ੁਦ ਹੀ ਖੋਤਾ ਹੈ ਐਵੇਂ ਸ਼ੋਰ ਮਚਾਕੇ ਰੱਖਦਾ
ਖੋਤੇ ਵਾਂਗੂ ਰਿੰਗ ਰਿੰਗ ਕੇ ਵੇਹਲੀ ਡੰਡ ਮਚਾਈ ਜਾਂਦਾ

ਨਿੰਦਾ ਦੀ ਹੀ ਭਗਤੀ ਕਰਦਾ ਇਹ ਹੀ ਇਸਦੀ ਸ਼ਕਤੀ ਹੁੰਦੀ
ਨਿੰਦਾ ਦੀ ਸੁਆਹ ਪਿੰਡੇ ਤੇ ਮਲ ਕੇ ਇਸਦਾ ਭੂਤ ਚੜ੍ਹਾਈ ਜਾਂਦਾ

ਨਿੰਦਾ ਹੈ ਹਮਜੋਲੀ ਇਸਦੀ ਸੰਗ ਇਹਨਾਂ ਦਾ ਬੱਦਲ ਮੀਂਹ ਵਰਗਾ
ਨਿੰਦਾ ਦੀ ਇਸਤਰੀ ਨੂੰ ਨਿੰਦਕ ਸ਼ਰੇਆਮ ਨਚਾਈ ਜਾਂਦਾ

ਵਿਦਵਾਨਾਂ ਦਾ ਦੁਸ਼ਮਨ ਨਿੰਦਕ ਫੁੱਟੀ ਅੱਖ ਨਾ ਇਸਨੂੰ ਭਾਉਂਦੇ
ਜਦ ਜਦ ਭੀ ਇਹਨਾਂ ਨੂੰ ਪੈਂਦਾ ਅਪਣੀ ਮੁੰਜ ਕੁਟਾਈ ਜਾਂਦਾ

*ਕਿੱਸਾ-ਕੋਤਾ-ਸੰਖੇਪ ਵਿਚ

ਨਿੰਦਕ ਹੈ ਸੁੰਦਰਤਾ ਦਾ ਵੈਰੀ ਨੁਕਤਾ ਚੀਨੀ ਕਰਦਾ ਰਹਿੰਦਾ
ਵੇਖ ਵੇਖ ਇਹਨਾਂ ਨੂੰ ਨਿੰਦਕ ਅਪਣਾ ਨੱਕ ਚੜ੍ਹਾਈ ਜਾਂਦਾ

ਮੁਸ਼ਕਿਲ ਹੈ ਨਿੰਦਕ ਤੋਂ ਬਚਣਾ ਕਾਂਗਆਰੀ ਵਾਂਗ ਖਾਂਦਾ ਇਜੱਤ ਨੂੰ
ਭੀੜਾਂ ਨੂੰ ਸੰਗ ਅਪਣੇ ਲਾਕੇ ਨਿੰਦਾ ਦੇ ਜੱਗ ਕਰਾਈ ਜਾਂਦਾ

ਤਿਲਕ ਲਾਕੇ ਛਡਦਾ ਨਿੰਦਾ ਦਾ ਬੱਕਰਾ ਕੂਚੇ ਤੇ ਗਲਿਆਂ ਦੇ ਵਿਚ
ਬਲਸ਼ਾਲੀ ਲੋਕਾਂ ਦੇ ਹੱਥੋਂ ਇਸਦੀ ਬਲੀ ਚੜ੍ਹਾਈ ਜਾਂਦਾ

ਸਾਵਧਾਨ ਰਹੋ ਇਸ ਪਾਪੀ ਤੋਂ ਬਚਕੇ ਰਹੋ ਗੰਡਾਸੇ ਤੋਂ ਇਸਦੇ
ਟੋਕੇ ਵਾਂਗ ਕਤਰਦਾ ਇੱਜਤ ਨੂੰ ਇਸਦੇ ਮੁੱਛ ਕਰਾਈ ਜਾਂਦਾ

ਮਾਰ ਭਜਾਓ ਇਸ ਨਿੰਦਕ ਨੂੰ ਗੁਰਬਾਣੀ ਭੀ ਇਹ ਹੀ ਕਹਿੰਦਾ
ਕੂੜਾਂ ਦੇ ਇਹ ਪੱਤਰ ਲਿਖਦਾ ਨਿੰਦਾ ਦੇ ਪਾਠ ਪੜ੍ਹਾਈ ਜਾਂਦਾ

ਨਿੰਦਕ ਲਾਸੰਸੀ ਨਿੰਦਾ ਦਾ ਧੁਰ ਤੋਂ ਨਾਲ ਲਿਆਇਆ ਇਸਨੂੰ
ਤੁਰਦੇ ਜਾਂਦੇ ਹਰ ਵਿਅਕਤੀ ਦੀ ਲੱਤ ਵਿਚ ਲੱਤ ਫਸਾਈ ਜਾਂਦਾ

ਨਿੰਦਕ ਹੈ ਵੱਡਾ ਅਹੰਕਾਰੀ ਅਹੰਕਾਰ ਇਸਦਾ ਆਭੂਸਣ
ਨਿੰਦਾ ਦੇ ਤਸੀਹੇ ਦੇ ਦੇ ਕੇ ਹੱਡਾਂ ਨੂੰ ਕੜਕਾਈ ਜਾਂਦਾ

ਕਮਸਿਨ* ਤੇ ਨਾਦਾਨਾ ਦੇ ਮਨ ਤੇ ਨਿੰਦਾ ਦੇ ਪੱਕੇ ਛਾਪੇ ਲਾਉਂਦਾ
ਨਿੰਦਾ ਦਾ ਇਹ ਰੌਲਾ ਪਾਕੇ ਨਿੰਦਕ ਅਜੱਪਾ ਜਾਪ ਕਰਾਈ ਜਾਂਦਾ

*ਕਮਸਿਨ-ਬੱਚੇ

ਬੇਸ਼ਰਮੀ ਗਹਿਣਾ ਨਿੰਦਕ ਦਾ ਨਿੰਦਾ ਇਸਦਾ ਪਹਿਰਾਵਾ
ਕਬੀਰ ਵਰਗੇ ਸੰਤ ਤੇ ਨਿੰਦਕ ਭੈੜੇ ਦੋਸ਼ ਲੁਆਈ ਜਾਂਦਾ

ਹਰ ਜੁਗ ਵਿਚ ਇਸ ਨਿੰਦਕ ਨੇ ਭਲਿਆਂ ਦਾ ਮਖੌਲ ਉਡਵਾਇਆ ਹੈ
ਰੱਬ ਦੇ ਭੇਜੇ ਅਵਤਾਰਾਂ ਨੂੰ ਫੰਦੇ ਤੇ ਲਟਕਾਈ ਜਾਂਦਾ

ਸ਼ਾਹਾਂ ਦਾ ਇਹ ਬਣਕੇ ਪਿਆਰਾ ਕਾਨਾਂ ਫੂਸੀ ਕਰਦਾ ਰਹਿੰਦਾ
ਮਹਾਂ ਪੁਰਖਾਂ ਨੂੰ ਇਹ ਨਰਕੀ ਨਿੰਦਕ ਤੱਤੀ ਤਵੀ ਚੜ੍ਹਾਈ ਜਾਂਦਾ

ਬਚ ਕੇ ਚਲੋ ਜ਼ਰਾ ਨਿੰਦਕ ਤੋਂ ਪੁਠੀਆਂ ਮੱਤਾਂ ਦਿੰਦਾ ਇਹ
ਇੱਧਰ ਉਧਰ ਦੀ ਲਾ ਕੇ ਨਿੰਦਕ ਘਰਾਂ ਨੂੰ ਅੱਗ ਲੁਆਈ ਜਾਂਦਾ

ਰਸ ਆਉਂਦਾ ਕਰਕੇ ਨਿੰਦਾ ਨੂੰ ਨਿੰਦਕ ਹੁੰਦਾ ਬਾਗੋਬਾਗ
ਨਿੰਦਾ ਦੇ ਇਹ ਜਸ਼ਨ ਕਰਾਕੇ ਲੋਕਾਂ ਨੂੰ ਪਰਚਾਈ ਜਾਂਦਾ

ਹਰ ਇਕ ਗੱਲ ਦੀ ਲੱਸੀ ਕਰਦਾ ਬਾਰ ਬਾਰ ਕਹਿ ਗੱਲ ਓਹੀਓ
ਨਿੰਦਾ ਦੀ ਲੱਸੀ ਲੰਮੀ ਕਰਕੇ ਗਟ ਗਟ ਕਰਕੇ ਪੀਈ ਜਾਂਦਾ

ਸਵਾਦਾਂ ਨੂੰ ਬੇਸੁਆਦੇ ਕਰਕੇ ਮਜ਼ਾ ਕਿਰਕਰਾ ਕਰਦਾ ਨਿੰਦਕ
ਹਸਦੇ ਵਸਦੇ ਲੋਕਾਂ ਨੂੰ ਇਹ ਪਸਤੀ* ਦੇ ਵਿਚ ਪਾਈ ਜਾਂਦਾ

ਬੇਚੈਨੀ ਵਿਚ ਸਦਾ ਇਹ ਰਹਿੰਦਾ ਅੰਗ ਫਰਕਦੇ ਰਹਿੰਦੇ ਇਸਦੇ
ਰਾਤਾਂ ਨੂੰ ਇਸਨੂੰ ਨੀਂਦ ਆਉਂਦੀ ਸੁੱਤਾ ਪਿਆ ਬੜਾਈ ਜਾਂਦਾ

*ਪਸਤੀ–ਢਹਿੰਦੀ ਕਲਾ ਵਿਚ

ਬੇਸ਼ਰਮਾ ਵਾਂਗ ਬੋਲਦਾ ਰਹਿੰਦਾ ਜੀਵਨ ਜਾਚ ਤੋਂ ਵਾਂਜਾ ਨਿੰਦਕ
ਛੋਟਾ ਵੱਡਾ ਨਾ ਲਗਦਾ ਇਸਦਾ ਸਭਦਾ ਮਜ਼ਾਕ ਉਡਾਈ ਜਾਂਦਾ

ਆਪ ਨੂੰ ਸਰਵਸ੍ਰੇਸ਼ਟ ਸਮਝਦਾ ਗੁਣਾਂ ਤੋਂ ਹੀਣਾ ਨਿੰਦਕ
ਹੋਰ ਦੀ ਇਹ ਗੱਲ ਨਾ ਸੁਣਦਾ ਅਪਣੇ ਗੁਣ ਬਖਾਨੀ ਜਾਂਦਾ

ਨਿੰਦਾ ਦੀ ਮਿਠਆਈ ਸਵਾਦੀ ਲਗਦੀ ਬੇਸ਼ਕ ਪਰੰਤੂ ਵਿਚ ਭਰਿਆ ਜ਼ਹਿਰ
ਥਾਲੀ ਵਿਚ ਪਰੋਸ ਕੇ ਨਿੰਦਾ ਲੋਕਾਂ ਨੂੰ ਵਰਤਾਈ ਜਾਂਦਾ

ਨਿੰਦਕ ਹੈ ਚਿੰਤਾ ਦਾ ਸੋਮਾ ਨਿੰਦਾ ਦੀ ਪੌਦ ਲਾਉਂਦਾ ਇਹ
ਅਪਣੇ ਕੌੜੇ ਬਚਨਾ ਤੇ ਨਿੰਦਕ ਸਭ ਦਾ ਦਿਲ ਦੁਖਾਈ ਜਾਂਦਾ

ਨਿੰਦਕ ਦੇ ਘਰ ਦੁਖਾਂ ਦਾ ਡੇਰਾ ਆਪ ਦੁਖੀ ਲੋਕਾਂ ਨੂੰ ਕਰਦਾ
ਅਪਣੇ ਦੁਖਾਂ ਤੋਂ ਘਬਰਾ ਕੇ ਹੋਰਾਂ ਦੀ ਨਿੰਦ ਕਰਾਈ ਜਾਂਦਾ

ਹਰ ਝਗੜੇ ਦਾ ਬਾਨੀ ਨਿੰਦਕ ਲੋਕ ਪਰਲੋਕ ’ਚ, ਇਸਦੇ ਚਰਚੇ
ਸਭ ਡਰਦੇ ਹਨ ਇਸ ਪਾਪੀ ਤੋਂ ਇਹ ਨਿੰਦਾ ਦੀ ਮਾਰ ਪੁਆਈ ਜਾਂਦਾ

ਨਿੰਦਾ ਦਾ ਹੈ ਰੋਗੀ ਨਿੰਦਕ ਅਪਣੇ ਕਿਰਮਾਂ ਨੂੰ ਫੈਲਾਉਂਦਾ ਰਹਿੰਦਾ
ਜਿੱਥੇ ਜਿੱਥੇ ਇਹ ਬੈਠਦਾ ਜਾਕੇ ਰੋਗ ਲਗਾਈ ਜਾਂਦਾ

ਨਿੰਦਕ ਸਮਾਜ ਦਾ ਕੈਂਸਰ ਵੱਡਾ ਅਸੰਭਵ ਲਗਦਾ ਇਸ ਤੋਂ ਬਚਨਾ
ਬਹੁਸੰਖਿਅਕ ਬਣ ਇਹ ਫੈਲਦਾ ਅਪਣੀ ਸ਼ਕਤ ਵਧਾਈ ਜਾਂਦਾ

ਨਿੰਦਕ ਇਕ ਕਿਟਾਣੂ ਜਿਸਦਾ ਉਪਚਾਰ ਨਹੀਂ ਹੈ ਸੰਭਵ
ਮੇਹਨਤੀ ਉੱਦਮੀ ਲੋਕਾਂ ਦੀ ਮੇਹਨਤ ਨੂੰ ਨਿੰਦਕ ਵਿਅਰਥ ਬਣਾਈ ਜਾਂਦਾ

ਬਕਣਾ ਹੈ ਕੰਮ ਨਿੰਦਕ ਦਾ ਫਫਾ ਕੁੱਟਣਾ ਆਦਤ ਇਸਦੀ
ਤੁਸੀਂ ਅਪਣੀ ਮਿਹਨਤ ਨਾ ਛੱਡੋ ਫਿਰ ਆਪੇ ਪਿਛੇ ਹਟੀ ਜਾਂਦਾ

ਸੱਚੀ ਰਾਹ ਤੇ ਚਲਦੇ ਜਾਉ ਨਿੰਦਕ ਦੇ ਸਿਰ ਪਾਉ ਸੁਆਹ
ਸੁਣੋ ਨਾ ਤੁਸੀਂ ਗੱਲ ਨਿੰਦਕ ਦੀ ਇਹ ਕੁੱਤੇ ਵਾਂਗੋਂ ਭੌਂਕੀ ਜਾਂਦਾ

ਇਸਦੀ ਕਰਨੀ ਇਹ ਹੀ ਭੁਗਤੂ ਜਨ ਮਾਨਸ ਦਾ ਵੈਰੀ ਨਿੰਦਕ
ਹਰ ਸਮੇਂ ਵਿਚ ਇਸਦੀ ਚਰਚਾ ਅਪਣਾ ਇਤਿਹਾਸ ਲਿਖਾਈ ਜਾਂਦਾ

ਰੰਗ ਬਰੰਗ ਕਹਾਣੀ ਘੜਕੇ ਲੋਕਾਂ ਨੂੰ ਪੜ੍ਹਵਾਈ ਜਾਂਦਾ ਨਿੰਦਕ
ਲਫ਼ਜ ਮੰਦੇ ਬੋਲ ਬੋਲ ਕੇ ਝੁੱਗਾ ਚੌੜ ਕਰਾਈ ਜਾਂਦਾ

ਬਿਰਥਾ ਨਿੰਦਕ ਦੀਆਂ ਅਰਜੋਈਆਂ ਨੱਕ ਰਗੜਦਾ ਜਾ ਧਰਮ ਸਥੱਲ ਤੇ
ਰੱਬ ਰੱਬ ਕਰਦਾ ਨਿੰਦਾ ਕਰਕੇ ਐਵੇਂ ਜਨਮ ਗਵਾਈ ਜਾਂਦਾ

ਡਕਰੇ ਡਕਰੇ ਕਰਦਾ ਪੱਤਾਂ ਦੀ ਕੌਡੀਆਂ ਦੇ ਭਾਅ ਦਿੰਦਾ ਵੇਚ
ਜਭਲੀ ਮਾਰਕੇ ਇਧਰ ਉਧਰ ਦੀ ਜਾਭਾਂ ਦਾ ਭੇੜ ਕਰਾਈ ਜਾਂਦਾ

ਨਿੰਦਕ ਦਾ ਨਾ ਮਜਹਬ ਕੋਈ ਅਸਮਾਜਿਕ ਇਸਦਾ ਵਰਤਾਰਾ
ਕੌਡੀ ਸੁਟਕੇ ਨਿੰਦਾ ਦੀ ਨਿੰਦਕ ਅਪਣੀ ਸ਼ਤਰੰਜ ਬਿਛਾਈ ਜਾਂਦਾ

ਚੁਗਲੀ ਦਾ ਇਹ ਚੈਂਪ ਰੰਗ ਦਿੰਦਾ ਰੱਬ ਦੇ ਬੰਦਿਆਂ ਨੂੰ
ਵੱਡੇ ਵੱਡੇ ਅਵਤਾਰਾਂ ਨੂੰ ਕਟਿਹਰੇ ਵਿਚ ਖੜ੍ਹਾਈ ਜਾਂਦਾ

ਖੋਜਾਂ ਨੂੰ ਖੋਜਦਾ ਰਹਿੰਦਾ ਨਿੰਦੀ ਦੀ ਬਣਤ ਕਿਵੇਂ ਬਣਾਇਏ
ਨਿੰਦਾ ਦੀ ਇਹ ਖੇਡ ਖੇਡਦਾ ਇਸਦੀ ਚੜ੍ਹਤ ਬਣਾਈ ਜਾਂਦਾ

ਕ੍ਰਿਤ ਨਾ ਕਰਦਾ ਦਸ ਨੌਹਾਂ ਦੀ ਠੱਗੀ ਚੋਰੀ ਇਸਦਾ ਕਿੱਤਾ
ਮੁਕਬਰ ਇਹ ਨਿੰਦਾ ਦਾ ਲੋਕਾਂ ਦੀ ਜੇਬ ਟਟੋਲੀ ਜਾਂਦਾ

ਨੀਤਾਂ ਨੂੰ ਇਹ ਸਾਫ ਨਾ ਰਖਦਾ ਮੈਲੀਆਂ ਮੱਤਾਂ ਦਾ ਮਾਲਿਕ
ਜਿਸ ਥਾਂ ਤੇ ਇਹ ਪੈਰ ਰੱਖਦਾ ਉਸ ਥਾਂ ਦਾ ਮਾਣ ਘਟਾਈ ਜਾਂਦਾ

ਨਿੰਦਾ ਦੇ ਦਮ ਤੇ ਜਿਊਂਦਾ ਨਿੰਦਕ ਅਪਣੀ ਸ਼ਾਖ ਵਧਾਈ ਜਾਂਦਾ
ਭਲੇ ਚੰਗੇ ਵਿਦਵਾਨਾਂ ਨੂੰ ਨਿੰਦਕ ਡੰਗਰਾਂ ਵਾਂਗ ਹੱਕਾਈ ਜਾਂਦਾ

ਵਿਉਪਾਰ ਕਰਾਉਂਦਾ ਨਿੰਦਕ ਅਸਮਤ* ਦਾ ਵਿਚ ਬਜ਼ਾਰਾਂ ਦੇ
ਬੇਸ਼ਰਮਾ ਦੀ ਟੋਲੀ 'ਚ ਬੈਠਾ ਪੱਗਾਂ ਦਾ ਮੁਲ ਕਰਾਈ ਜਾਂਦਾ

ਲਹਿਰ ਚਲਾ ਕੇ ਨਿੰਦਾ ਦੀ ਨਿੰਦਕ ਭਰਮਾਂ ਵਿਚ ਪਾ ਦਿੰਦਾ ਇਹ
ਰਾਹਾਂ ਦੇ ਵਿਚ ਤੁਰਦੇ ਫਿਰਦੇ ਨਿੰਦਕ ਉਂਗਲੀ ਖੜੀ ਕਰਾਈ ਜਾਂਦਾ

ਜਗ ਨੂੰ ਇਹ ਵੱਸ ਕਰ ਲੈਂਦਾ ਲਾ ਕੇ ਮਗਰ ਸ਼ਰਾਰਤੀ ਅਨਸਰ*
ਇਲਜ਼ਾਮ ਲਾ ਕੇ ਬੁੱਧੀਮਾਨਾਂ ਤੇ ਉਹਨਾਂ ਦੀ ਪੱਤ ਲੁਹਾਈ ਜਾਂਦਾ

*ਅਸਮਤ–ਇੱਜ਼ਤ *ਅਨਸਰ–ਵਰਗ

ਨਿੰਦਾ ਇਕ ਵੱਡੀ ਬਿਮਾਰੀ ਨਿੰਦਕ ਇਸਦਾ ਕੀਟਾਣੂ
ਪੈਦਾ ਕਰ ਇਹ ਕੀਟਾਣੂ ਨਿੰਦਾ ਨੂੰ ਫੈਲਾਈ ਜਾਂਦਾ

ਨਿੰਦਾ ਦਾ ਹੜ੍ਹ ਲਿਆ ਦਿੰਦਾ ਸਭਿਅਤਾ ਨੂੰ ਮੂਲੋਂ ਪੁਟ ਦਿੰਦਾ
ਵੱਡੇ ਵੱਡੇ ਬਿਰਛਾਂ ਨੂੰ ਨਿੰਦਕ ਇਸ ਹੜ੍ਹ ਦੇ ਵਿਚ ਹੜ੍ਹਾਈ ਜਾਂਦਾ

ਛਿੱਟੇ ਮਾਰਦਾ ਨਿੰਦਾ ਦੇ ਪਾਕ ਸਾਫ ਦਾਮਨ ਤੇ ਨਿੰਦਕ
ਸੋਹਣੀਆਂ ਸੋਹਣੀਆਂ ਤਸਵੀਰਾਂ ਨੂੰ ਇਹ ਬੇਰੰਗ ਬਣਾਈ ਜਾਂਦਾ

ਨਜ਼ਰ ਬੜੀ ਭੈੜੀ ਨਿੰਦਕ ਦੀ ਕੰਧਾਂ ਦੇ ਵਿਚ ਤੇੜਾਂ ਪਾਉਂਦਾ
ਨਜ਼ਰਾਂ ਦੇ ਨਾਲ ਦੁਧ ਫਾੜਦਾ ਅੰਮ੍ਰਿਤ ਨੂੰ ਜ਼ਹਿਰ ਬਣਾਈ ਜਾਂਦਾ

ਨਿੰਦਕ ਇਕ ਮਹਾ ਅਤਵਾਦੀ ਜੁਬਾਂ ਤੋਂ ਕਤਲ ਕਰਾਈ ਜਾਂਦਾ
ਭਾਈ-ਮਣੀ ਸਿੰਘ ਵਰਗੇ ਸਿੰਘਾਂ ਦੇ ਬੰਦ ਬੰਦ ਕਟਾਈ ਜਾਂਦਾ

ਨਿੰਦਕ ਇਕ ਵੱਡਾ ਦੋਸ਼ੀ ਹੈ ਇਸਦੀ ਸਜ਼ਾ ਮੁਕੱਰਰ ਹੋਵੇ
ਥਾਂ ਥਾਂ ਜਾ ਕੇ ਥੱਪੜ ਖਾਂਦਾ ਦਾਹੜੀ ਨੂੰ ਪੁਟਵਾਈ ਜਾਂਦਾ

ਮਾਤਾ ਏਦਾਂ ਦਾ ਪੁੱਤ ਨਾ ਜੰਮੀ ਜਿਹੜਾ ਕੁੱਖ ਨੂੰ ਵੱਟਾ ਲਾਵੇ
ਕਸੂਰਵਾਰ ਤਾਂ ਨਿੰਦਕ ਹੁੰਦਾ ਮਾਂ ਤੇਰੀ ਪੱਤ ਲੁਹਾਈ ਜਾਂਦਾ

ਸੰਗਤ ਕਰੋ ਨਾ ਇਸ ਨਿੰਦਕ ਦੀ ਜਲ ਜਾਊਂਗੇ ਦੂਰ ਰਹੋ
ਪੱਥਰ ਵਰਗਾ ਭਾਰੀ ਨਿੰਦਕ ਡੁਬਦਾ ਆਪ ਡੁਬੋਈ ਜਾਂਦਾ

ਇਸਦੀਆਂ ਗੱਲਾਂ ’ਚ ਕਦੇ ਨਾ ਆਉ ਸੱਪ ਕਢਦਾ ਇਹ ਨਿੱਤ ਨਵੇਂ
ਮਾਰ ਭਜਾਉ ਇਸ ਨਿੰਦਕ ਨੂੰ ਨਿੰਦਾ ਦੇ ਤੋਪੇ ਲਾਈ ਜਾਂਦਾ

ਚੁਗਲੀ ਦੇ ਪਾਠ ਦੀ ਪੁਸਤਕ ਰਖਦਾ ਭੀੜਾਂ ਦੇ ਵਿਚ ਦਿੰਦਾ ਵੇਚ
ਹਰ ਇਕ ਸ਼ਬਦ ਜੋ ਮੂੰਹ ਤੋਂ ਕੱਢਦਾ ਵਹਿਮਾਂ ਦੇ ਵਿਚ ਹੈ ਪਾਈ ਜਾਂਦਾ

ਲੋਕੋ ਪੜ੍ਹੋ ਸੁਣੋ ਗੁਰਬਾਣੀ ਨਿੰਦਕ ਨੂੰ ਕੀ ਕਹਿੰਦੀ ਹੈ
ਰੱਬ ਵਰਗੇ ਬਾਬਾ ਨਾਨਕ ਨੂੰ ਨਿੰਦਕ ਕੁਰਾਈਆ ਕੁਹਾਈ ਜਾਂਦਾ

ਨਿੰਦਕ ਦੇ ਬੋਲ ਬੜੇ ਦੁਖਦਾਈ ‘ਬੀਰ’ ਸਹਿਣ ਨਾ ਹੁੰਦੇ ਸੱਟ ਮਾਰਦੇ
ਨਿੰਦਾ ਦੇ ਝਟਕੇ ਦੇ ਦੇ ਕੇ ਨਿੰਦਕ ਛੱਤਣੀ ਹੱਥ ਪੁਆਈ ਜਾਂਦਾ

ਚੁਪ ਰਹਿੰਦਾ ਜਦੋਂ ਤੀਕ ਪਤਾ ਨਾ ਲਗਦਾ, ਬੋਲਦਾ ਤਾਂ ਫ਼ਾੜਦਾ ਪੱਥਰਾਂ ਨੂੰ
ਢਹਿੰਦੀ ਕਲਾ ’ਚ ਬੰਦੇ ਨੂੰ ਲਿਆਉਂਦਾ ਦੁਖ ਦਰਦ ਦੀ ਹੱਟ ਬਲਾਈ ਜਾਂਦਾ

ਬੋਲਦਾ ਤਾਂ ਫਾੜਦਾ ਕੱਫ਼ਣ ਨੂੰ ਇਸਦਾ ਵਿੰਗ ਕਸਾਈ ਵਰਗਾ
ਅਪਣੀ ਵਿਸ਼ ਸ਼ੈਲੀ ਤੋਂ ਨਿੰਦਕ ਜਿਊਣਾ ਹਰਾਮ ਕਰਾਈ ਜਾਂਦਾ

ਨਿੰਦਕ ਦਾ ਮੂੰਹ ਕਾਲਾ ਹੁੰਦਾ ਕਾਲਸ ਹੈ ਇਸਦਾ ਸ਼ਿੰਗਾਰ
ਸੱਚੇ ਸੁੱਚੇ ਇਨਸਾਨੇ ਤੇ ਕਾਲੇ ਗ੍ਹਿਣ ਲੁਆਈ ਜਾਂਦਾ

ਗੁਰਬਾਣੀ ਭੀ ਇਹੋ ਕਹਿੰਦੀ ਨਿੰਦਕ ਦੇ ਵੱਲ ਪਿੱਠ ਕਰਕੇ ਬੈਠੋ
ਇਸਦੇ ਪਰਛਾਵੇਂ ਜਿੱਥੇ ਪੈਂਦੇ ਬਨਸੱਪਤ ਨੂੰ ਝੁਲਸਾਈ ਜਾਂਦਾ

ਇਸਦਾ ਪੜੌਸ ਬੇਰ ਕੇਲੇ ਵਰਗਾ ਭਲਾ ਨਾ ਕਰਦਾ ਪੜੋਸੀ ਦਾ
ਜਦ ਜਦ ਹਵਾ ਚਲਦੀ ਬੇਰ ਦੇ ਕੰਡੇ ਕੇਲੇ ਦੇ ਪੱਤੇ ਫਾੜੀ ਜਾਂਦਾ

ਹਰ ਚਮਕਦੀਆਂ ਵਸਤਾਂ ਨੂੰ ਨਿੰਦਕ ਕਰ ਦਿੰਦਾ ਕਾਲਾ ਕਾਲਾ
ਚੰਗੀ ਚੰਗੀ ਧਾਤਾਂ ਤੇ ਨਿੰਦਕ ਜਰ ਦੀ ਪਰਤ ਚੜਾਈ ਜਾਂਦਾ

ਵਿਅਰਥ ਬੋਲਦਾ ਬੈਠਾ ਵਿਚ ਸੰਗਤ ਇਕਾਗਰਤਾ ਨੂੰ ਕਰਦਾ ਭੰਗ
ਸੁਨਣ ਨਾ ਦਿੰਦਾ ਪ੍ਰਬਚਨਾਂ ਨੂੰ ਨਿੰਦਕ ਨਿੰਦਾ ਦੀ ਡੰਡ ਪੁਆਈ ਜਾਂਦਾ

ਮਜ਼ਬੂਰ ਹੁੰਦਾ ਅਪਣੀ ਆਦਤ ਤੋਂ ਨਿੰਦਕ ਲਗਾਤਾਰ ਨਿੰਦਾ ਇਹ ਕਰਦਾ
ਸਾਧੂ ਸੰਤਾਂ ਦੀ ਨਿੰਦਾ ਕਰਕੇ ਨਿੰਦਕ ਸਿਰ ਵਿਚ ਸੁਆਹ ਪੁਆਈ ਜਾਂਦਾ

ਬਚਕੇ ਕਿਤੇ ਨਿਕਲ ਜਾਵੇ ਕੋਈ ਨਿੰਦਕ ਸਦਾ ਤਾਕ ਵਿਚ ਰਹਿੰਦਾ
ਨਿੰਦਾ ਦੇ ਹਰ ਪਹਿਲੂ ਤੇ ਨਿੰਦਕ ਅਪਣੀ ਜੁਗਤ ਚਲਾਈ ਜਾਂਦਾ

ਜਬਰਨ ਇਹ ਲੋਕਾਂ ਦੇ ਵ੍ਰਦਾ ਨਿੰਦੀ ਦੀ ਹੋਲੀ ਵਿਚ ਰੰਗਦਾ
ਧੱਕੇਵਾਹੀ ਲੋਕਾਂ ਤੇ ਨਿੰਦਕ ਨਿੰਦਾ ਦਾ ਵਣਜ ਕਰਾਈ ਜਾਂਦਾ

ਪਹਿਲਾਂ ਇਹ ਖੇਲ ਖੇਲ ਵਿਚ ਨਿੰਦਾ ਦੀ ਕੋਈ ਖੇਡ ਬਣਾਉਂਦਾ
ਝੂਠ-ਮੂਠ ਪ੍ਰਚਾਰ ਕਰਾਕੇ ਵਾਰਤਾਲਾਪ ਕਰਾਈ ਜਾਂਦਾ

ਖਿਲੀ ਹੋਈ ਧੁੱਪਾਂ ਵਿਚ ਨਿੰਦਕ ਦਿਨ ਵਿਚ ਦੀਵੇ ਜਲਾਉਂਦਾ
ਜਗ ਮਗ ਕਰਦੇ ਸੂਰਜ ਅੱਗੇ ਨਿੰਦਾ ਦੇ ਦੀਪ ਜਲਾਈ ਜਾਂਦਾ

ਇਕ ਦਿਨ ਤਾਂ ਹੋ ਜਾਂਦਾ ਉਜਾਗਰ ਇਸਦੀ ਕਰਤੂਤਾਂ ਦਾ ਚਿੱਠਾ
ਛਿਤਰਾਂ ਦੀ ਗਲ ਮਾਲਾ ਪਾ ਕੇ ਵੱਡਾ ਰਾਠ ਕੁਹਾਈ ਜਾਂਦਾ

ਜਿੱਥੇ ਕੋਈ ਪੇਸ਼ ਨਾ ਜਾਂਦੀ ਨਿੰਦਾ ਹੈ ਇਕ ਸਸਤਾ ਹਥਿਆਰ
ਰਖਦਾ ਇਹ ਨਿੰਦਾ ਦੀ ਛੁਰੀਆ ਲਫ਼ਜ਼ਾਂ ਤੋਂ ਕਤਲ ਕਰਾਈ ਜਾਂਦਾ

ਚਕਰੀ ਵਾਂਗ ਚੱਕਰ ਲਾਉਂਦਾ ਗਲੀ ਸੜਕ ਤੇ ਫਿਰਦਾ ਰਹਿੰਦਾ
ਨਿੰਦਕ ਇਕ ਵੱਡਾ ਘਨਚੱਕਰ ਚੱਕਰਾਂ ਤੇ ਚੱਕਰ ਚਲਾਈ ਜਾਂਦਾ

ਜਸ਼ਨ ਕਿਸੇ ਦਾ ਇਸਨੂੰ ਨਾ ਭਾਉਂਦਾ ਬਾਰ ਬਾਰ ਜਾ ਨਿੰਦਾ ਕਰਦਾ
ਖੁਸ਼ੀਆਂ ਦੇ ਮੌਕੇ ਤੇ ਜਾ ਕੇ ਖੁਰਾਫ਼ਾਤ ਮਚਾਈ ਜਾਂਦਾ

ਨਿੰਦਕ ਦਾ ਅਹਮ ਇਸਨੂੰ ਮਾੜੇ ਕੰਮੀ ਲਾਈ ਰਖਦਾ
ਹੱਥ ਫਸਾਕੇ ਮਾੜੇ ਕੰਮਾਂ ’ਚ, ਅਪਣੇ ਹੱਥ ਵਡਾਈ ਜਾਂਦਾ

ਨਿੰਦਾ ਹੀ ਕਰਮ ਇਸਦਾ ਰਹਬਰ* ਤੇ ਮੁਰਸ਼ਦ* ਭੀ ਹੁੰਦਾ
ਲੰਮੀਆਂ ਲੰਮੀਆਂ ਡਿੰਗਾਂ ਭਰਕੇ ਨਿੰਦਾ ਦੀ ਝਾਲ ਚੜ੍ਹਾਈ ਜਾਂਦਾ

ਜ਼ਹਿਰਾਂ ਦਾ ਨਿੰਦਕ ਵਿਕ੍ਰੇਤਾ ਵੰਡਦਾ ਇਸਨੂੰ ਹਰ ਬਸਤੀ ਵਿਚ
ਹਰ ਸ਼ਹਿਰ ਕਸਬੇ ਦੇ ਵਿਚ ਜਾ ਕੇ ਅਪਣੀ ਹੱਟਾਂ ਲਾਈ ਜਾਂਦਾ

ਗ੍ਰਸ ਲੈਂਦਾ ਪ੍ਰਚਾਰ ਕਰ ਨਿੰਦਾ ਦਾ ਨਿੰਦਕ ਵੈਦ ਹੈ ਇਸਦਾ
ਨਿੰਦਾ ਦੀਆਂ ਖੁਰਾਕਾਂ ਦੇ ਕੇ ਨਿੰਦਾ-ਗ੍ਰਸਤ ਬਣਾਈ ਜਾਂਦਾ

*ਰਹਬਰ-ਰਾਹ ਵਿਖਾਉਣ ਵਾਲਾ *ਮੁਰਸ਼ਦ-ਗੁਰੂ

ਨਿੰਦਾ ਇਕ ਦੁਖਦਾਈ ਸੁਰ ਹੈ ਭਾਉਂਦਾ ਨਹੀਂ ਕਿਸੇ ਨੂੰ ਇਹ
ਵਜਾ ਵਜਾ ਅਪਣੀ ਸਾਰੰਗੀ ਕੰਨਾਂ ਤੇ ਚੋਟ ਕਰਾਈ ਜਾਂਦਾ

ਨਿੰਦਕ ਇਕ ਭੌਂਕਾ ਨਿੰਦਾ ਦਾ ਆਖਿਰ ਚੌਪਾਏ* ਤੋਂ ਹੋਇਆ ਵਿਕਸਿਤ
ਭੈੜੇ ਭੈੜੇ ਸੁਰ ਲਾਕੇ ਨਿੰਦਾ ਦੇ ਬੇਸੁਆਦੀ ਕਰਵਾਈ ਜਾਂਦੇ

ਇਸਦਾ ਜ਼ਖ਼ਮ ਦਿੱਤਾ ਛੁਰੀ ਤੋਂ ਡੂੰਘਾ ਜਿਸਦਾ ਕੋਈ ਉਪਚਾਰ ਨਹੀਂ
ਬੁਰਕ ਵੰਢਦਾ ਮਾਸ ਫਾੜਦਾ ਨਿੰਦਾ ਦੇ ਦੰਦ ਗਡੋਈ ਜਾਂਦਾ

ਨਿੰਦਕ ਤੋਂ ਕੋਈ ਨਾ ਬਚਿਆ ਧਰਤੀ ਦੇ ਇਕ ਇਹ ਕਲੰਕ
ਹਰ ਚੰਗੇ ਕੰਮਾਂ ਦੇ ਨਿੰਦਕ ਕਾਲੀ ਸਿਆਹੀ ਪੋਚੀ ਜਾਂਦਾ

ਪਿੱਠ ਪਿੱਛੇ ਨਿੰਦਕ ਨਿੰਦਾ ਕਰਦਾ ਦੋਸਤੀ ਦਾ ਪਾਸ ਨਾ ਇਸਨੂੰ ਹੁੰਦਾ
ਖਾਣਾ ਖਾਂਦਾ ਜਿਸ ਥਾਲੀ ਵਿਚ ਉਸ ਵਿਚ ਛੇਕ ਕਰਾਈ ਜਾਂਦਾ

ਰਿਸ਼ਤੇ ਵਿਚ ਨਾ ਕੋਈ ਲਗਦਾ ਇਸਦਾ ਭ੍ਰਾਤਾ ਨਾ ਭੈਣ
ਰਿਸਤੇ ਦੀਆਂ ਤਾਰਾਂ ਨੂੰ ਵੱਡ ਕੇ ਤਾਰ ਤਾਰ ਕਰਾਈ ਜਾਂਦਾ

ਜਾਤ ਪਾਤ ਨਾ ਇਸਦੀ ਕੋਈ ਗਿਰਿਆ ਹੋਇਆ ਜ਼ਮੀਰਾਂ ਦਾ
ਕਤਲ ਕਰਕੇ ਜ਼ਮੀਰ ਨੂੰ ਅਪਣੀ ਕੌੜੇ ਬੋਲ ਸੁਣਾਈ ਜਾਂਦਾ

ਨਹੀਂ ਵੇਖਦਾ ਅਪਣੇ ਅਵਗੁਣ ਹੋਰਾਂ ਦੀ ਕੰਮਾਂ ਨੂੰ ਵੇਹਦਾਂ
ਨਿੰਦਕ ਹੈ ਅੱਖਾਂ ਤੋਂ ਅੰਨ੍ਹਾ ਟੱਕਰਾਂ ਖਾ ਚੋਟਾਂ ਖਾਈ ਜਾਂਦਾ

*ਚੌਪਾਏ–ਜਾਰ ਪੈਰਾਂ ਤੇ ਤੁਰਣ ਵਾਲੇ ਜੀਵ

ਆਪ ਭੀ ਕੌੜਾ ਨਿੰਦਕ ਕੌੜੇ ਹੀ ਫ਼ਲ ਪੈਦਾ ਕਰਦਾ
ਕੜੱਤਣ ਦੀ ਚਾਸ ਬਣਾਕੇ ਇਸਦਾ ਜ਼ਹਿਰ ਪਿਲਾਈ ਜਾਂਦਾ

ਮਹਿਮਾ ਘਟ ਜਾਂਦੀ ਪੜੋਸ ਦੀ ਜਿੱਥੇ ਹੋਵੇ ਕੋਈ ਨਿੰਦਕ
ਵੱਡੇ ਵੱਡੇ ਧਰਮ ਸੱਥਲ ਦੀ ਬੈਠਾ ਨਿੰਦ ਕਰਾਈ ਜਾਂਦਾ

ਨਿੰਦ ਨਿੰਦ ਕੇ ਨਿੰਦਕ ਨਿੰਦਾ ਨੂੰ ਭੀ ਕਰ ਦਿੰਦਾ ਸ਼ਰਮਿੰਦਾ
ਸਾਫ ਸੁਥਰੇ ਚੌਗਿਰਦੇ ਨੂੰ ਨਿੰਦਕ ਉੱਕਾ ਨਰਕ ਬਣਾਈ ਜਾਂਦਾ

ਨਿੰਦਾ ਇਕ ਵੱਡੀ ਬੀਮਾਰੀ ਲਗ ਜਾਵੇ ਛੁਟਕਾਰਾ ਨਹੀਂ
ਸੁਬਹ ਸਵੇਰੇ ਉਠ ਕੇ ਨਿੰਦਕ ਨਿੰਦਾ ਦਾ ਸੁਰਮਾ ਪਾਈ ਜਾਂਦਾ

ਮਿੱਟੀ ਨੂੰ ਬੂਥੇ ਤੇ ਮਲਦਾ ਨਿੰਦਾ ਦੇ ਇਸ਼ਨਾਨ ਕਰਾਉਂਦਾ
ਨਿੰਦਾ ਦੀ ਡੁਡੱਲ ਵਿਚ ਲਿਟ ਲਿਟ ਅਪਣੀ ਭੱਦ ਕਰਾਈ ਜਾਂਦਾ

ਅੱਗ ਲਗਾਉਣਾ ਇਸਦਾ ਧੰਦਾ ਨਿੰਦਾ ਦੀ ਮਾਚਿਸ ਰੱਖਦਾ ਕੋਲ
ਨਿੰਦਕ ਇਕ ਸੁਲ਼ਗਦੀ ਹੋਈ ਲੱਕੜ ਸੁਲ੍ਹਗਕੇ ਅੱਗਾਂ ਲਾਈ ਜਾਂਦਾ

ਨਿੰਦਕ ਦੀ ਉਮਰ ਬਹੁਤ ਵੱਡੀ ਹੈ ਸਦੀਆਂ ਤੋਂ ਮੂੰਹ ਅੱਡੀ ਰੱਖਦਾ
ਨਹੀਂ ਥੱਕਦਾ ਨਿੰਦਾ ਕਰ ਕਰ ਬੰਦੇ ਦੀ ਉਮਰ ਘਟਾਈ ਜਾਂਦਾ

ਕਾਲੇ ਕਾਲੇ ਕੱਪੜੇ ਇਸਦੇ ਨਿੰਦਾ ਇਸਨੂੰ ਆਖਿਰ ਗ੍ਰਸ ਲੈਂਦੀ
ਜੰਮਦਾ ਮਰਦਾ ਇਸ ਧਰਤੀ ਤੇ ਆਪਸ ’ਚ ਵੈਰ ਪੁਆਈ ਜਾਂਦਾ

ਕਿਉਂ ਤੇਰੀ ਭੁਖ ਨਹੀਂ ਮਿਟਦੀ ਕਰ ਕਰ ਨਿੰਦਾ ਤੂੰ ਜੀਵਾਂ ਦੀ
ਪੁਛਦਾ ਹਾਂ ਮੈਂ ਤੈਥੋਂ ਨਿੰਦਕ ਕਿਉਂ ਨਸ਼ਤਰ ਲਾ ਤੜਫਾਈ ਜਾਂਦਾ

ਕੀ ਜਵਾਬ ਦੇਵੇਂਗਾ ਧੁਰ ਜਾ ਕੇ ਧਰਮਰਾਜ ਜਦ ਮੰਗੂ ਲੇਖਾ
ਉਸ ਵੇਲੇ ਪਛਤਾਵੇਂਗਾ ਨਿੰਦਕ ਤੂੰ ਕਿਉਂ ਅਪਣੀ ਪੜਤ ਗੁਵਾਈ ਜਾਂਦਾ

ਇੰਤਜ਼ਾਮ ਕਰ ਅਪਣੀ ਮੁਕਤੀ ਦੇ ਛੱਡ ਇਸ ਭੈੜੀ ਆਦਤ ਨੂੰ
ਜੁਟ ਜਾ ਹੁਣ ਚੰਗੇ ਕੰਮਾਂ ਤੇ ਤੂੰ ਕਿਉਂ ਅਪਣਾ ਸਮਾ ਗਵਾਈ ਜਾਂਦਾ

ਬਾਰ ਬਾਰ ਕਿਉਂ ਜੰਮਦਾ ਮਰਦਾ ਕਰ ਨਿੰਦਾ ਦੇ ਅਪਰਾਧਾਂ ਨੂੰ
ਧਰਤੀ ਦੇ ਰੰਗਾਂ ਮੰਚਾਂ ਤੇ ਦਾਹੜੀ ਤੂੰ ਪਟਵਾਈ ਜਾਂਦਾ

ਨਿੰਦਾ ਛੱਡ ਹੁਣ ਰਾਮ ਨਾਮ ਜਪ ਕਿਉਂ ਐਂਵੇ ਕੁਰਲਾਂਉਦਾ ਤੂੰ
ਚੱਲਣ ਦੇ ਜੀਵਨ ਦੀ ਗੱਡੀ ਕਿਸ ਲਈ ਜਾਮ ਲੁਆਈ ਜਾਂਦਾ

ਨਿੰਦਾ ਇਕ ਹੈ ਭੈੜਾ ਲੱਛਣ ਇਹ ਕਲੰਕ ਮੱਥੇ ਦਾ ਮੂਰਖ
ਖੀਵਾ ਬਣਕੇ ਨਾ ਵਿਚਰ ਇਸ ਜਗ ਵਿਚ ਨਿੰਦਾ ਕਰ ਗੱਲ ਵਧਾਈ ਜਾਂਦਾ

ਚੁੱਪ ਰਹਿਣ ਦੀ ਆਦਤ ਪਾਲੇ ਲੋਕਾਂ ਨੂੰ ਭੋਰਾ ਜਰਿਆ ਕਰ
ਵਾਧੂ ਤੂੰ ਨਿੰਦਾ ਕਰਕੇ ਅਦੀਬਾਂ* ਨੂੰ ਕਲਮ ਫੜਾਈ ਜਾਂਦਾ

ਨਿੰਦਾ ਕਰਨਾ ਨਹੀਂ ਸਿਆਣਪ ਨਿੰਦਕ ਕਿਉਂ ਅਪਣਾ ਚਰਚਾ ਕਰਵਾਉਂਦਾ
ਸਿਆਨਿਆਂ ਦੀ ਹਰ ਮਹਫਿਲ ਵਿਚ ਤੂੰ ਅਪਣਾ ਜ਼ਿਕਰ ਕਰਾਈ ਜਾਂਦਾ

*ਅਦੀਬਾਂ-ਲੇਖਕ

ਉੱਠ ਸਵੇਰੇ ਕਰ ਇਬਾਦਤ ਮਾਲਕ ਅੱਗੇ ਮੱਥਾ ਟੇਕ
ਨਾਸਤਿਕ ਬਣਕੇ ਤੂੰ ਨਿੰਦਕ ਜੀਵਨ ਨੂੰ ਵਿਅਰਥ ਗੰਵਾਈ ਜਾਂਦਾ

ਬਖਸ਼ ਕਰਾ ਗੁਨਾਹਾਂ ਦੀ ਅਪਣੇ ਜਾਕੇ ਉਸ ਪਰਮੇਸ਼ਰ ਅੱਗੇ
ਸ਼ਾਇਦ ਮਾਫ ਕਰ ਦੇਵੇ ਉਹ ਤੈਨੂੰ ਕਾਹਨੂ ਪਾਪ ਚੜ੍ਹਾਈ ਜਾਂਦਾ

ਸਾਫ਼ ਸੁਥਰਾ ਜੀਵਨ ਸੁਣ ਨਿੰਦਕ ਰਾਹ ਹੁੰਦਾ ਮੁਕਤੀ ਦਾ
ਨਿੰਦਾ ਕਰ ਕਰ ਸੁਣ ਲੈ ਤੂੰ ਨਿੰਦਕ ਚੌਰਾਸੀ ਵਿਚ ਗੋਤੇ ਖਾਈ ਜਾਂਦਾ

ਬਹੁਤ ਕਰ ਲਿਆ ਤੂੰ ਜਗ ਅੰਦਰ ਨਿੰਦਾ ਦਾ ਪ੍ਰਚਾਰ ਪਰਚੰਡ
ਲੈਂਦਾ ਜਾ ਤੂੰ 'ਬੀਰ' ਤੋਂ ਸਿਖਿਆ ਕਿਉਂ ਅਪਣਾ ਅਗੰਤ ਵਿਗਾੜੀ ਜਾਂਦਾ

ਆ ਜੀਵਨ ਜਾਂਚ ਸਿਖਾਵਾਂ ਤੈਨੂੰ ਬੋਲਣ ਦੀ ਕਲਾ ਸਿਖਾਵਾਂ ਉਏ
ਕਿਉਂ ਇਸ ਜਿੰਦ ਨੂੰ ਤੂੰ ਵਿਅਰਥ ਨਿੰਦਾ ਦੇ ਲੇਖੇ ਲਾਈ ਜਾਂਦਾ

ਕਪੜੇ ਪਾ ਸ਼ਰਮੋ-ਹਯਾ ਦੇ ਬੇਹਯਾਈ ਨੂੰ ਲਾਹ ਕੇ ਸੁਟ
ਬਕਵਾਸੀ ਬਣਕੇ ਸੁਣ ਉਏ ਨਿੰਦਕ ਅਪਣੀ ਪੜਤ ਗੰਵਾਈ ਜਾਂਦਾ

ਪੁੱਠਾ ਪੁੱਠਾ ਤੂੰ ਕਿਉਂ ਸੋਚਦਾ ਹਰ ਵਸਤੂ ਵਿਚ ਚੰਗਾ ਵੇਖ
ਤੂੰ ਕੇਵਲ ਅਵਗੁਣ ਹੀ ਵੇਖਦਾ ਦਿਲ ਨੂੰ ਸੋਹੜਾ ਲਾਈ ਜਾਂਦਾ

ਖਹਿਣਾ ਛੱਡ ਰਹਿਣਾ ਸਿੱਖ ਨਿੰਦਾ ਤਾਂ ਤੂੰ ਚਲਨ* ਛੱਡ
ਲੰਘਦਾ ਵੜਦਾ ਤੂੰ ਹਰਜਾਈ ਲੋਕਾਂ ਦੇ ਲੀੜੇ ਲਾਹੀ ਜਾਂਦਾ

*ਚਲਨ-ਸੁਭਾਵ

ਨਿੰਦਾ ਇਕ ਰੰਜਿਸ਼ ਦਾ ਬਾਇਸ ਅੰਤ ਤੂੰ ਪਛਤਾਵੇਂਗਾ
ਨਿੰਦਾ ਕਰਕੇ ਇਸ ਜੀਵਨ ਵਿਚ ਦਾੜ੍ਹੀ ਤੂੰ ਪਟਵਾਈ ਜਾਂਦਾ

ਨਿੰਦਾ ਹੀ ਜਦ ਅੱਤ ਹੋ ਜਾਂਦੀ ਲੇਖਕ ਨੂੰ ਕਲਮ ਚੁੱਕਣੀ ਪੈਂਦੀ
ਵੱਡੇ ਲੇਖਕਾਰਾਂ ਦੁਆਰਾ ਕਤਾਬਾਂ 'ਚ ਨਾਂ ਦਰਜ ਕਰਾਈ ਜਾਂਦਾ

ਕੀ ਸ਼ਰਮ ਨਹੀਂ ਆਉਂਦੀ ਤੈਨੂੰ ਜਦ ਤੂੰ ਚੂਨਾ ਲਾ ਨਿੰਦਾ ਕਰਦਾ
ਅਪਣੀ ਜਮੀਰ ਡਿਗਾ ਕੇ ਨਿੰਦਕ ਦਾਹੜੀ 'ਚ ਥੁੱਕ ਪੁਆਈ ਜਾਂਦਾ

ਨਿੰਦਾ ਕਰਨਾ ਛੱਡ ਕੇ ਤੂੰ ਅਪਣਾ ਜੀਵਨ ਬਦਲ ਕੇ ਵੇਖ
ਛੇੜ ਛੇੜ ਕੇ ਇਲੱਤ ਜਗ ਵਿਚ ਚੰਗਿਆ ਨੂੰ ਬੁਰਾ ਬਣਾਈ ਜਾਂਦਾ

ਦੁਖ ਦਾ ਤੂੰ ਵਿਕ੍ਰੇਤਾ ਨਿੰਦਕ ਤੂੰ ਦੁਖ ਨੂੰ ਕੀ ਜਾਣੇ ਉਏ ਖੋਤੇ
ਤੇਰੇ ਬੋਲ ਜ਼ਖ਼ਮਾਂ ਨਾਲੋਂ ਭੈੜੇ ਤੂੰ ਬਾਰ ਬਾਰ ਦੌਹਰਾਈ ਜਾਂਦਾ

ਜੇ ਨਹੀਂ ਸਕਦਾ ਬੋਲ ਤੂੰ ਚੰਗੇ ਚੁਪ ਰਹਿਣ ਦੀ ਆਦਤ ਪਾ ਲੈ
ਬੋਲ ਕੇ ਕੌੜੇ ਬੋਲ ਤੂੰ ਸਜਨਾ ਅਪਣੇ ਕੰਨਾਂ ਨੂੰ ਹੀ ਪਾੜੀ ਜਾਂਦਾ

ਬੰਦਾ ਬਣਕੇ ਕੰਮ ਕਰ ਚੰਗੇ ਮੰਦੋ ਮੰਦੀ ਬੋਲ ਨਾ ਸਜਣਾ
ਤੂੰ ਭੈੜਾ ਬਕਵਾਸੀ ਨਾ ਬਣ ਖ਼ੁਦ ਨੂੰ ਦੁਸ਼ਟ ਕੁਹਾਈ ਜਾਂਦਾ

ਕਿਉਂ ਨਹੀਂ ਕਰਦਾ ਚੰਗੀ ਸੰਗਤ ਕੁਝ ਤਾਂ ਫ਼ਰਕ ਪਊਗਾ ਤੈਨੂੰ
ਦਾਨਿਸ਼ਮੰਦਾ ਦੇ ਹੱਥੋਂ ਤੂੰ ਕਾਹਨੂ ਜੁੱਤੀਆਂ ਖਾਈ ਜਾਂਦਾ

ਤੂੰ ਛਾਇਆ ਹੈਂ ਧੁੱਪਾਂ ਵਰਗੀ ਜੋ ਹੇਠ ਬਿਠਾ ਕੇ ਮੱਤ ਹਰ ਲੈਂਦੀ
ਅਪਣੀ ਬੁੱਕਲ ਦੇ ਵਿਚ ਪਾ ਕੇ ਸਬਜ਼ ਬਾਗ ਵਿਖਾਈ ਜਾਂਦਾ

ਹਰ ਸਵੇਰ ਤੇਰੀ ਦਰਦ ਦੀ ਡੁਡੱਲ ਅੱਖਾਂ ਨੂੰ ਜੋ ਕਰਦੀ ਅੰਨ੍ਹਾ
ਮਹਿਕੀ ਹੋਈ ਫਿਜ਼ਾ ਨੂੰ ਪਾਗਲ ਜ਼ਹਿਰਾਂ ਭਰੀ ਬਣਾਈ ਜਾਂਦਾ

ਕਰ ਸੁਧਾਰ ਅਪਣੀ ਆਦਤ ਵਿਚ ਅਜੇ ਭੀ ਕੁਝ ਉਮਰ ਹੈ ਬਾਕੀ
ਦਿੱਤੀ ਤੈਨੂੰ ਆਦਮ ਜੂਨੀ ਤੂੰ ਕਰਤੇ ਨੂੰ ਝੂਠਾ ਪਾਈ ਜਾਂਦਾ

ਗੱਲ ਬਣਾਉਣਾ ਤੇਰਾ ਅਵਗੁਣ ਬੇਸੁਰਤਾਂ ਵਾਂਗ ਤੂੰ ਕਰਦਾ ਕੰਮ
ਤੂੰ ਕੰਨਾਂ ਦਾ ਕੱਚਾ ਬੈਤਲ ਲੱਸੀ ਵਿਚ ਪਾਣੀ ਪਾਈ ਜਾਂਦਾ

ਤੂੰ ਘਰ ਬੈਠਾ ਕਾਰੇ ਕਰਦਾ ਉਲਟੀਆਂ ਸਿੱਧੀਆਂ ਚਾਲਾਂ ਚਲਦਾ
ਅੰਦਰ ਤੋਂ ਹੀ ਤੂੰ ਹੈ ਨਿੰਦਕ ਨਿੰਦਾ ਦਾ ਡਾਇਲ ਘੁਮਾਈ ਜਾਂਦਾ

ਤੇਰੀ ਚਾਲ 'ਚ ਚਾਲਾਂ ਲੁੱਕੀਆਂ ਪਾਸੇ ਸੁਟਦਾ ਲੰਘਦਾ ਤੂੰ
ਖ਼ੁਰਾਫਾਤ ਦੇ ਪੱਤੇ ਚਲਕੇ ਜਿੱਤੀ ਹੋਈ ਬਾਜੀ ਹਾਰੀ ਜਾਂਦਾ

ਨਿੰਦਾ ਇਕ ਹੈ ਗਿੱਦੜ-ਸਿੰਗੀ ਨਿੰਦਕ ਦੇ ਹੱਥ ਜੇ ਲਗ ਜਾਵੇ
ਫ਼ਿੰਡ ਬਣਾ ਕੇ ਤੂੰ ਬੰਦੇ ਦੀ ਪੱਬਾਂ ਭਾਰ ਚਲਾਈ ਜਾਂਦਾ

ਅਪਣਾ ਤੇਰਾ ਵਜੂਦ ਹੈ ਨਿੰਦਾ ਮਕਸਦ ਹੈ ਬਸ ਨਿੰਦਾ ਕਰਨਾ
ਬਾਰ ਬਾਰ ਤੂੰ ਆਉਂਦਾ ਜਗ ਵਿਚ ਅਪਣਾ ਵੰਸ਼ ਚਲਾਈ ਜਾਂਦਾ

ਕਿਉਂ ਲੋਕਾਂ ਦੀ ਲੱਤ ਖਿੱਚਦਾ ਬਣਕੇ ਤੂੰ ਸ਼ਾਤਿਰ ਇੰਨਾਂ
ਵੱਧਦੇ ਫੁੱਲਦੇ ਵੇਖ ਬੰਦੇ ਨੂੰ ਕਿਉਂ ਕਰਮਾਂ ਨੂੰ ਰੋਈ ਜਾਂਦਾ

ਨਿੰਦਾ ਤੇਰਾ ਅਭੂਸ਼ਣ ਬਣਕੇ ਲੋਕਾਂ ਨੂੰ ਤੂੰ ਮੋਹ ਲੈਂਦਾ
ਸੁਣਾ ਕੇ ਨਿੰਦਾ ਦੇ ਉਪਦੇਸ਼ ਤੂੰ ਨਿੰਦਕ ਵੋਟ ਵਧਾਈ ਜਾਂਦਾ

ਤੂੰ ਜਾਲਿਮ ਵੱਡਾ ਹੈ ਨਿੰਦਕ ਤਰਸ ਨਾ ਖਾਂਦਾ ਨਿੰਦਾ ਕਰਦਾ
ਅਪਰਾਧ ਤੇਰੇ ਦਾ ਪਤਾ ਨਾ ਲਗਦਾ ਪਰ ਡੂਘੇ ਫੱਟ ਲੁਆਈ ਜਾਂਦਾ

ਤੂੰ ਬੂਟਾ ਖਰਪਥਵਾਰ ਦਾ ਜੰਮ ਜਾਂਦਾ ਫਲ ਵਾਲੇ ਬੂਟੇ ਦੇ ਕੋਲ
ਖਾ ਜਾਂਦਾ ਖੁਰਾਕ ਤੂੰ ਉਸਦੀ ਵਧਦੇ ਬੂਟੇ ਮਾਰੀ ਜਾਂਦਾ

ਤੂੰ ਸਾਜਿਸ਼ ਦਾ ਸ਼ਾਜਿੰਦਾ ਚੁਗਲੀ ਤੇਰਾ ਗੁਪਤ ਵਾਰ ਹੈ
ਆਉਂਦੇ ਜਾਂਦੇ ਲੋਕਾਂ ਦੇ ਉਤੇ ਨਿੰਦਾ ਦੇ ਤੀਰ ਚਲਾਈ ਜਾਂਦਾ

ਆਪ ਨੂੰ ਸੱਚ ਕਹਾਉਣ ਦੇ ਲਈ ਤੂੰ ਕਿਹੜੇ ਨਹੀਂ ਉਪਰਾਲੇ ਕਰਦਾ
ਅਪਣੇ ਵਰਗੇ ਇਕੱਠੇ ਕਰਕੇ ਬੈਠਾ ਮਜਲਿਸ ਲਾਈ ਜਾਂਦਾ

ਮਹਿਫਿਲ ਤੇਰੀ ਨਿੰਦਕਾਂ ਦੀ ਟੋਲੀ ਬਕਵਾਸ ਤੇਰੀ ਗਿਜ਼ਾ ਰੂਹ ਦੀ
ਗਧੇ ਵਾਂਗ ਤੂੰ ਰਿੰਗ ਰਿੰਗ ਕੇ ਗ੍ਰਾਦਲ ਮਿੱਟੀ ਠਾਲੀ ਜਾਂਦਾ

ਲਿਖਣ ਲਈ ਤੂੰ ਮੁੱਦਾ ਦਿੰਦਾ ਤੇਰੀ ਹਰ ਹਰਕਤ ਨੂੰ ਦਰਜ ਕਰੂੰਗਾਂ ਮੈਂ
ਹਰ ਨੁੱਕੜ ਤੇ ਪਹਿਰਾ ਤੇਰਾ ਕਿਉਂ ਬਕਵਾਸ ਕਰਾਈ ਜਾਂਦਾ

ਬੁਲਾ ਬੁਲਾ ਕੇ ਸੱਦੇ ਦੇ ਕੇ ਨਿੰਦਾ ਦਾ ਪਾਠ ਪੜਾਉਂਦਾ ਤੂੰ
ਨਿੰਦਾ ਨੂੰ ਸਰਾਹਣ ਵਾਲੇ ਅਣਜਾਣਾ ਲਈ ਗਲੀਆਂ ਵਿਚ ਮੰਜੇ ਡਾਹੀ ਜਾਂਦਾ

ਮੇਰੀ ਕਲਮ ਤੋਂ ਬਚਣਾ ਹੈ ਮੁਸ਼ਕਿਲ ਭੱਜ ਲੈ ਜਿੰਨਾ ਭਜਣਾ ਤੂੰ
ਚੌਰਾਹਾਂ ਤੇ ਖਿਚੜੀ ਪਕਾ ਕੇ ਨਿੰਦਾ ਦੀ ਧਾਕ ਜਮਾਈ ਜਾਂਦਾ

ਫੂਕਾਂ ਮਾਰਦਾ ਤੂੰ ਕੰਨਾਂ 'ਚ, ਜ਼ਹਿਰ ਘੋਲਦਾ ਤੂੰ ਕੂੜਾਂ ਦਾ
ਨਿੰਦਾ ਦੀ ਟੋਪੀ ਪਹਿਨਾ ਕੇ ਤੂੰ ਤਾੜੀਆਂ ਵਜਵਾਈ ਜਾਂਦਾ

ਗ਼ਰਜ਼* ਕੇ ਤੂੰ ਹੈ ਉਸ ਰੱਬ ਦੀ ਸਭ ਤੋਂ ਮਾੜੀ ਕ੍ਰਿਤ
ਤੂੰ ਕਰਤੇ ਦਾ ਭੀ ਆਲੋਚਕ ਧਰਮਰਾਜ ਤੋਂ ਲੇਖ ਲਿਖਾਈ ਜਾਂਦਾ

ਇਨਸਾਨੀਅਤ ਦਾ ਤੂੰ ਤਨਖਾਹੀਆਂ ਤੇਰੀ ਬਖ਼ਸ਼ ਨਾ ਰੱਬ ਦੇ ਕੋਲ
ਦਿਲ ਦੁਖਾ ਕੇ ਬੁਧੀਜੀਵਾਂ ਦੇ ਕਰਤੂੰਤਾਂ ਦਰਜ ਕਰਾਈ ਜਾਂਦੀ

ਤੂੰ ਬਰਬਾਦੀ ਦਾ ਸਿਰਨਾਮਾਂ ਬਦਨਾਮੀ ਦਾ ਪੱਤਰ ਤੂੰ
ਝੂਠ ਮੂਠ ਦੀ ਲਿਖਤਾਂ ਲਿਖ ਕੇ ਬਾਰ ਬਾਰ ਪੜ੍ਹਾਈ ਜਾਂਦਾ

ਤੂੰ ਅਸਮਤ* ਦੀ ਚੋਰੀ ਕਰਦਾ ਨਿੰਦਾ ਦੇ ਪਰਸ਼ਾਦੇ ਵੰਡਦਾ
ਨਿੰਦਾ ਦੀ ਖਟਾਈ ਪਾ ਕੇ ਖੱਟੀ ਖੀਰ ਬਣਾਈ ਜਾਂਦਾ

ਖੜੋਤ ਕਰਦਾ ਸਮੇਂ ਵਿਚ ਚੱਲਣ ਇਸਨੂੰ ਨਾ ਦਿੰਦਾ
ਨਿੰਦਾ ਦੇ ਅੜਿਕੇ ਪਾਕੇ ਜੀਵਨ ਨੂੰ ਨਸ਼ਟ ਕਰਾਈ ਜਾਂਦਾ

*ਗ਼ਰਜ਼-ਆਖਿਰਕਾਰ *ਅਸਮਤ-ਇੱਜ਼ਤ

ਤੇਰਾ ਕੱਟਿਆ ਨਾ ਪਾਣੀ ਮੰਗਦਾ ਤੂੰ ਰੋੜਾ ਹੈ ਰਾਹਾਂ ਦਾ
ਤੁਰਦੇ ਤੂੰ ਪੈਰਾਂ ਤੇ ਵੱਜਦਾ ਗੇਰ ਗੇਰ ਬੁੜਕਾਈ ਜਾਂਦਾ

ਬੇਸ਼ਰਮੀ ਦੇ ਵਸਤਰ ਤੇਰੇ ਨਿੰਦਾ ਦੇ ਰੰਗਾਂ ਵਿਚ ਰੰਗੇ
ਤੂੰ ਮਨਹੂਸ ਸਿਰੇ ਦਾ ਪਾਪੀ ਝੂਠੀ ਘੜਤ ਘੜਾਈ ਜਾਂਦਾ

ਤੂੰ ਸਾਧੂ ਦੀ ਨਿੰਦਾ ਕਰਦਾ ਤੇਰਾ ਅਗੰਤ ਹੈ ਭੈੜਾ ਨਿੰਦਕ
ਨਰਕਾਂ ਦਾ ਤੂੰ ਭਾਗੀ ਨਿੰਦਕ ਬਿਰਥਾ ਮੱਥਾ ਟੇਕੀ ਜਾਂਦਾ

ਹਰ ਥਾਂ ਤੇ ਤੇਰੀ ਵਣਜ ਹੈ ਚਲਦੀ ਨਿੰਦਾ ਸਸਤੇ ਭਾਵਾਂ ਤੇ ਵਿਕਦੀ
ਖੂਬ ਤੇਰੀ ਸਮਗਰੀ ਵਿਕਦੀ ਗਿੱਠ ਗਿੱਠ ਮੈਲ ਚੜ੍ਹਾਈ ਜਾਂਦਾ

ਲੁਕ ਜਾਂਦਾ ਤੂੰ ਕੰਧਾਂ ਪਿੱਛੇ ਆਉਂਦੇ ਜਾਂਦੇ ਤੇ ਨਜ਼ਰ ਰੱਖਦਾ
ਕੋਠੇ ਤੇ ਚੜ੍ਹਕੇ ਤੂੰ ਨਿੰਦਕਾਂ ਰਾਹੀਆਂ ਨੂੰ ਵਾਜਾਂ ਮਾਰੀ ਜਾਂਦਾ

ਤੂੰ ਜਿੱਦੀ ਜਿੱਦਾਂ ਤੂੰ ਕਰਦਾ ਵੇਖ ਵੇਖ ਕੇ ਜਲਦਾ ਰਹਿੰਦਾ
ਜਾ ਜਾ ਕੇ ਲੋਕਾਂ ਦੇ ਦੁਆਰੇ ਆਪਸ ਵਿਚ ਫੁੱਟ ਪੁਆਈ ਜਾਂਦਾ

ਮੈਂ ਤੇਰੀ ਖਸਲਤ* ਤੋਂ ਵਾਕਫ ਤੈਨੂੰ ਰਖਦਾ ਦੋ ਹੱਥ ਪਰੇ
ਤੂੰ ਮੇਰਾ ਦੁਸ਼ਮਣ ਵਰ੍ਹਿਆਂ ਤੋਂ ਪੁੱਠੇ ਗੇੜ ਪੁਆਈ ਜਾਂਦਾ

ਨਿੰਦਾ ਤੇਰੀ ਕੰਮ ਨਾ ਆਉਣੀ ਜਗ ਜਿੱਤਣ ਵਿਚ ਤੂੰ ਅਸਫਲ
ਤੂੰ ਦੋਸ਼ੀ ਹੈ ਜਗ ਦਾ ਨਿੰਦਕ ਤਾਂ ਹੀ ਜੁੱਤੀਆਂ ਖਾਈ ਜਾਂਦਾ

*ਖਸਲਤ–ਅਸਲੀਅਤ

ਛੱਡ ਕੇ ਦੇਖ ਤੂੰ ਨਿੰਦਾ ਕਰਨੀ ਤੇਰੇ ਮਨ ਨੂੰ ਆਵੇ ਚੈਨ
ਚਿੰਤਾ ਭਰਿਆ ਤੇਰਾ ਜੀਵਨ ਕਾਹਨੂੰ ਦਰਦ ਹੰਡਾਈ ਜਾਂਦਾ

ਅੱਗਾਂ ਲਾ ਕੇ ਆਪ ਭੀ ਜਲਦਾ ਬਰਬਾਦੀ ਕਰਵਾਉਂਦਾ ਤੂੰ
ਗ਼ੈਰ ਤੇ ਘਰ ਜਦੋਂ ਅੱਗ ਹੈ ਲਗਦੀ ਬਸੰਤਰ ਕੁਹਾਈ ਜਾਂਦਾ

ਭੈੜਿਆ ਨਿੰਦਾ ਵਿਚ ਕੀ ਰਖਿਆ ਵੇਖ ਅਪਣਾ ਅਗੰਤ ਸੰਵਾਰ
ਨਿੰਦਾ ਚੁਗਲੀ ਵੱਸਵ* ਬੁਰੇ ਹਨ ਕਾਹਨੂੰ ਜਨਮ ਗਵਾਈ ਜਾਂਦਾ

ਨਿੰਦਾ ਇਕ ਅਮਲ ਹੈ ਮਾੜਾ ਛੱਡ ਕੇ ਰਹੀਏ ਇਸ ਤੋਂ ਦੂਰ
ਮਾੜੀਆਂ ਗੱਲਾਂ ਕਰਕੇ ਨਿੰਦਕ ਕਾਹਨੂੰ ਗੱਲ ਵਧਾਈ ਜਾਂਦਾ

ਜ਼ੁਬਾਨਦਰਾਜੀ* ਵਿਚ ਤੂੰ ਮਾਹਰ ਗਿਰਗਿਟ ਦੇ ਵਾਂਗ ਰੰਗ ਬਦਲਦਾ
ਪਲ ਵਿਚ ਤੋਲਾ ਪਲ ਵਿਚ ਮਾਸ਼ਾ ਹਰ ਸ਼ੈ ਵਿਚ ਨੁਕਸ ਕਢਾਈ ਜਾਂਦਾ

ਤੇਰਾ ਮਾਰਿਆ ਪਾਣੀ ਨਹੀਂ ਮੰਗਦਾ ਤੂੰ ਵੱਡਾ ਹੈਂ ਨਾਗ ਵਿਸ਼ੈਲਾ
ਤੂੰ ਦੋਸ਼ੀ ਹੋਸ਼ਿਆਰੀ ਕਰਦਾ ਸੱਚੇ ਤੇ ਦੋਸ਼ ਮੜ੍ਹਾਈ ਜਾਂਦਾ

ਬਰਬਾਦੀ ਦਾ ਸੋਮਾ ਨਿੰਦਕ ਵੱਡਾ ਹੈ ਤੂੰ ਆਤਮਘਾਤੀ
ਅਪਣੇ ਘਰ ਦੀ ਭੱਦ ਉਡਾ ਕੇ ਪਿਛਲੀ ਗੱਲ ਉਡਾਈ ਜਾਂਦਾ

ਬਦਤਮੀਜ਼ੀ ਦਾ ਤੂੰ ਸੋਮਾ ਰੱਖਦਾ ਨਜ਼ਰ ਬਾਲਾਂ ਵਾਲੇ ਘਰ ਤੇ
ਬਾਰ ਬਾਰ ਜਾ ਕੇ ਘਰ ਉਹਨਾਂ ਦੇ ਭੱਦੇ ਲਫ਼ਜ਼ ਸਿਖਾਈ ਜਾਂਦਾ

*ਵੱਸਵ-ਗੁਣ *ਜ਼ੁਬਾਨਦਰਾਜੀ-ਬੁਰਾ ਬੋਲਣਾ

ਮੂੰਹ ਤੇਰਾ ਚੁਗਲਾਂ ਦੇ ਵਰਗਾ ਉੱਲੂ ਵਰਗਾ ਰਹਿਣ ਸਹਿਣ
ਜਿੱਥੇ ਹੁੰਦਾ ਤੇਰਾ ਵਾਸਾ ਉਸਨੂੰ ਉਜਾੜ ਬਣਾਈ ਜਾਂਦਾ

ਅੰਤ ਤੇਰਾ ਭਿਆਨਕ ਹੈ ਨਿੰਦਕ ਮੈਂ ਤੈਨੂੰ ਸੁਣ ਦੱਸਦਿਆਂ
ਤੂੰ ਨਰਕਾਂ ਦਾ ਭਾਗੀ ਨਿੰਦਕ ਗੰਦਗੀ ਦੇ ਕੀੜੇ ਖਾਈ ਜਾਂਦਾ

ਤੇਰਾ ਮੇਰਾ ਵੈਰ ਪੁਰਾਣਾ ਤੂੰ ਪਥ ਭ੍ਰਸ਼ਟ ਸਿਰੇ ਦਾ ਨਿੰਦਕ
ਪੁੱਠੇ ਰਾਹ ਪਾਉਂਦਾ ਰਾਹੀਆਂ ਨੂੰ ਹੋਰ ਦੀ ਹੋਰ ਪੁਚਾਈ ਜਾਂਦਾ

ਮੇਰੀ ਕਲਮ ਤੋਂ ਬਚ ਨਹੀਂ ਸਕਦਾ ਚੱਲ ਜਿੱਥੇ ਤੀਕ ਤੂੰ ਚੱਲਣਾ
ਜਦੋਂ ਭੀ ਤੂੰ ਮੇਰੀ ਨਿੰਦਾ ਕਰਦਾ ਮੈਥੋਂ ਨੱਕ ਵਢਾਈ ਜਾਂਦਾ

ਨਿੰਦਾ ਭਲੀ ਕਿਸੀ ਕੀ ਨਾਂਹਿ ਕਹਿੰਦੇ ਹਨ ਬਾਬਾ ਗੁਰੂ ਨਾਨਕ
ਇਕ ਕੰਨ ਤੋਂ ਤੂੰ ਸੁਣਦਾ ਨਿੰਦਕ ਦੂਜੇ ਕੰਨੋਂ ਕੱਢੀ ਜਾਂਦਾ

ਘਰ ਘਰ ਤੇਰੇ ਸਿਆਪੇ ਹੁੰਦੇ ਤੈਨੂੰ ਫਰਕ ਨਾ ਪੈਂਦਾ ਕੋਈ
ਗਾਲਾਂ ਸੁਣ ਸੁਣ ਤੂੰ ਬੇਸ਼ਰਮਾਂ ਹਾਸਿਆਂ ਵਿਚ ਉਡਾਈ ਜਾਂਦਾ

ਤੂੰ ਮੇਰੇ ਤੇ ਨਜ਼ਰ ਹੈ ਰਖਦਾ ਮੈਂ ਕਿਥੇ ਜਾਂਦਾ ਕਿਥੇ ਰਹਿੰਦਾ
ਵੇਖ ਕੇ ਤੂੰ ਮੈਨੂੰ ਕੰਮਬਖਤਾ ਦੁਮ* ਕੁੱਤੇ ਵਾਂਗ ਹਿਲਾਈ ਜਾਂਦਾ

ਕਲਾਕਾਰ ਤੂੰ ਵੱਡਾ ਬਣਦਾ ਸੱਦੇ ਦਿੰਦਾ ਘਰ ਜਾ ਜਾ ਕੇ
ਤੂੰ ਕੂੜਾਂ ਦੀ ਮਹਿਫਿਲ ਲਾਕੇ ਛੈਣਿਆਂ ਨੂੰ ਖੜਕਾਈ ਜਾਂਦਾ

*ਦੁਮ-ਪੂੰਛ

ਤੂੰ ਬੂਥੇ ਤੋਂ ਖੇਹ ਉਗਲਕੇ ਗੰਦਾ ਕਰਦਾ ਹਰ ਸ਼ੈ ਨੂੰ ਨਿੰਦਕ
ਧਰਤੀ ਤੋਂ ਅਸਮਾਨਾਂ ਤੀਕ ਤੂੰ ਅਪਣਾ ਥੁੱਕ ਡਿਗਾਈ ਜਾਂਦਾ

ਭ੍ਰਸ਼ਟਾਚਾਰ ਦਾ ਤੂੰ ਮੁਖ ਸੋਮਾ ਦੂਸ਼ਿਤ ਕਰਦਾ ਸ੍ਰਿਸ਼ਟੀ ਨੂੰ
ਜਿੱਥੇ ਤੇਰੀ ਛਾਇਆ ਪੈਂਦੀ ਉਸਦਾ ਮੁੱਲ ਘਟਾਈ ਜਾਂਦੀ

ਤੂੰ ਕਠੋਰ ਹਿਰਦੇ ਦਾ ਮਾਲਿਕ ਝਗੜੇ ਕਰਦਾ ਫਿਰਦਾ ਹੈ
ਤੂੰ ਸੱਚੇ ਲੋਕਾਂ ਤੇ ਨਿੰਦਕ ਝੂਠੇ ਕੇਸ ਪੁਆਈ ਜਾਂਦਾ

ਫੋਕੀ ਤੇਰੀ ਬੇਨਤੀ ਨਿੰਦਕ ਤੈਨੂੰ ਨਾ ਉਸ ਰੱਬ ਦਾ ਡਰ
ਤੂੰ ਧਰਮਾਂ ਤੋਂ ਹੀਣਾ ਨਿੰਦਕ ਬਿਰਥਾ ਮੱਥਾ ਟੇਕੀ ਜਾਂਦਾ

ਸਿਤਮਗਿਰੀ ਧੋਖਾਧੜੀ ਕਰਕੇ ਤੇਰਾ ਜੀਵਨ ਬਸਰ ਹੈ ਹੁੰਦਾ
ਹੇਰਾਫੇਰੀ ਲੱਛਣ ਤੇਰਾ ਬੇੜਾ ਗਰਕ ਕਰਾਈ ਜਾਂਦਾ

ਤੂੰ ਰੰਗਰੇਜ ਨਿੰਦਾ ਦੇ ਰੰਗਾਂ ਦਾ ਰੰਗ ਕੇ ਧੁਪਾਂ 'ਚ ਰੜ੍ਹਾਉਂਦਾ
ਕਾਲਸ ਦਾ ਹੈ ਤੂੰ ਭੰਡਾਰੀ ਦਾਮਨ ਦੇ ਦਾਗ ਲਗਾਈ ਜਾਂਦਾ

ਲਾਲਚ ਦਾ ਤੂੰ ਭੁੱਖਾ ਨਾਹਰ* ਬੁਰਕ ਵੱਡ ਕੇ ਕੱਢ ਲੈਂਦਾ ਮਾਸ
ਤੂੰ ਭਰਾਵਾਂ ਦੇ ਹੱਕ ਮਾਰਕੇ ਇਮਾਨਦਾਰ ਕੁਹਾਈ ਜਾਂਦਾ

ਅਪਣੀ ਵਡਿਆਈ ਆਪੇ ਕਰਦਾ ਤੂੰ ਮੀਆਂ ਮਿੱਠੂ ਬਣਦਾ
ਵਿਦਵਾਨਾਂ ਦੀ ਕਲਮਾਂ ਤੋਂ ਨਿੰਦਕਾ ਬੇਬਕੂਫ ਲਿਖਾਈ ਜਾਂਦਾ

*ਨਾਹਰ–ਚਿੱਤਾ

ਜੀਵਨ ਦੀ ਜਾਚ ਨਾ ਤੈਨੂੰ ਮੂਰਖ ਨਿੰਦਾ ਦੀ ਛੱਡ ਭੈੜੀ ਆਦਤ
ਉਸਤਿਤ ਕਰਕੇ ਵੇਖ ਕਿਸੇ ਦੀ ਨਿੰਦਾ ਕਰ ਕਿਉਂ ਨਿਘਰੀ ਜਾਂਦਾ

ਚੰਗੇ ਅਲਫਾਜ਼ ਵਰਤ ਕੇ ਵੇਖ ਸ਼ਾਂਤੀ ਮਿਲੇ ਤੇਰੇ ਜੀਵਨ ਨੂੰ
ਚਾਨਣਾ ਕਰ ਅਪਣੇ ਜੀਵਨ ਵਿਚ ਕਾਹਨੂੰ ਦੀਪ ਬੁਝਾਈ ਜਾਂਦਾ

ਚਿਤਾ ਮਮਾਨ ਹੈ ਤੇਰਾ ਜੀਵਨ ਜੋ ਸੁਲਘ ਸੁਲਘ ਕੇ ਜਲਦਾ ਰਹਿੰਦਾ
ਬਰਦਾਸ਼ਤ ਕਰਨ ਦਾ ਮਾਦਾ ਰੱਖ ਤੂੰ ਕਿਉਂ ਅਪਣੀ ਜਾਨ ਜਲਾਈ ਜਾਂਦਾ

ਗਿਆਨੀਆਂ ਦੀ ਮਹਿਫਿਲ ਵਿਚ ਤੈਨੂੰ ਕੋਈ ਭੀ ਚੰਗਾ ਨਹੀਂ ਕਹਿੰਦਾ
ਭੁੱਲਾ ਭਟਕਿਆ ਜਿਥੇ ਜਾਂਦਾ ਤੂੰ ਆਪਣੀ ਬੱਕ ਲੁਹਾਈ ਜਾਂਦਾ

ਸੁਬਹ ਸਵੇਰੇ ਨਿਸ਼ਚੈ ਕਰਕੇ ਤੂੰ ਲਗ ਜਾਂਦਾ ਨਿੰਦਾ ਕਰਨੇ ਤੇ
ਨਿਤ ਨਿੰਦਕ ਤੂੰ ਨਿੰਦਾ ਕਰਕੇ ਨੰਗਾ ਨਾਚ ਨਚਾਈ ਜਾਂਦਾ

ਤੈਨੂੰ ਭੀ ਲਾਇਆ ਉਸ ਰੱਬ ਨੇ ਨਿੰਦਾ ਦੇ ਕਾਰੋਬਾਰਾਂ ਤੇ
ਇਕੱਠੀ ਕਰ ਨਿੰਦਾ ਦੀ ਪੂੰਜੀ ਢੇਰਾਂ ਤੇ ਢੇਰ ਲੁਆਈ ਜਾਂਦਾ

ਆਵਾਰਾ ਗਰਦੀ ਸ਼ੋਕ ਹੈ ਤੇਰਾ ਇੱਧਰ ਉਧਰ ਫਿਰਦਾ ਤੂੰ ਰਹਿੰਦਾ
ਤੂੰ ਵੜਦਾ ਨਾ ਵਾੜੇ ਅਪਣੇ ਸੜਕਾਂ ਤੇ ਚੱਕਰ ਲਾਈ ਜਾਂਦਾ

ਬੇਨਿਆਜ਼ੀ* ਤੇਰਾ ਵਸਵ* ਰਗ ਰਗ 'ਚ, ਤੇਰੇ ਸ਼ੈਤਾਨੀ ਵਸਦੀ
ਜਗਤ ਕਸਾਈ ਤੇਰਾ ਮਜਹਬ ਨਿੰਦਾ ਕਰ ਕਤਲ ਕਰਾਈ ਜਾਂਦਾ

*ਬੇਨਿਆਜ਼ੀ-ਬੇਗਾਨਗੀ *ਵਸਵ-ਗੁਣ

ਤੂੰ ਸਾਕੇ ਕਰਵਾਉਂਦਾ ਜਗ ਵਿਚ ਨਿੰਦਾ ਦੇ ਸ਼ਸ਼ਤਰ ਦੇ ਨਾਲ
ਗੁਰੂ ਅਰਜਨ ਵਰਗੇ ਪਾਕ ਸਾਫ ਨੂੰ ਤੱਤੀ ਤਵੀ ਰੜ੍ਹਾਈ ਜਾਂਦਾ

ਲਾਲਚ ਭਰੀ ਲੂੰਬੜ ਤੂੰ ਨਿਦਕ ਪੈਸੇ ਲੈ ਕੁਝ ਭੀ ਕਰ ਸਕਦਾ
ਇਮਾਨਦਾਰੀ ਦੀ ਪੁਸਤਕ ਦੇ ਤੂੰ ਕਾਹਨੂੰ ਵਰਕੇ ਫਾੜੀ ਜਾਂਦਾ

ਕੂੜ ਕਮਾਈ ਤੇਰੀ ਨਿੰਦਕ ਇਹ ਵਣਜ ਤੇਰਾ ਬੇਅਰਥ ਕਹਾਏ
ਨਿੰਦਾ ਦੀਆਂ ਧੂਫਾਂ ਤੂੰ ਲਾ ਕੇ ਲੋਕਾਂ ਨੂੰ ਦਾਸ ਬਣਾਈ ਜਾਂਦਾ

ਤੂੰ ਪੱਥਰ ਬੇਸ਼ਰਮ ਬੜਾ ਚੌਰਾਹਾਂ ਤੇ ਮਜਲਿਸ ਲਾਉਂਦਾ
ਮੰਜੀ ਡਾਹ ਬੈਠ ਘਰ ਅੱਗੇ ਨਿੰਦਾ ਦੇ ਮੰਚ ਬਣਾਈ ਜਾਂਦਾ

ਘਾਟਾਂ ਲੱਭਣਾ ਤੇਰਾ ਕਿੱਤਾ ਤੈਨੂੰ ਚੰਗਾ ਚੰਗਾ ਦਿਸਦਾ ਨਾ
ਹਰ ਉਤਸਵ ਤੇ ਤੂੰ ਜਾ ਜਾ ਕੇ ਫਿੱਕੋ ਫਿੱਕੀ ਪਾਈ ਜਾਂਦਾ

ਕਾਸ਼ ਤੇਰਾ ਕੋਈ ਰਹਬਰ* ਹੁੰਦਾ ਮਿਲ ਜਾਂਦਾ ਚੰਗਾ ਤੈਨੂੰ ਸੰਸਕਾਰ
ਅੰਤਰ ਆਤਮਾ ਤੇਰੀ ਮਰਗੀ ਮੁਰਦਾ ਬਣ ਕੰਮ ਚਲਾਈ ਜਾਂਦਾ

ਤੂੰ ਖ਼ੁਸ਼ ਹੁੰਦਾ ਬਦਗੋਈਆਂ ਕਰਕੇ ਅਸਾਂ ਭੀ ਹਾਂ ਤੇਰੇ ਉਸਤਾਦ
ਲਿਖਦੇ ਰਹਿੰਦੇ ਤੇਰਾ ਚਿੱਠਾ ਮੈਨੂੰ ਕਲਮ ਫੜਾਈ ਜਾਂਦਾ

ਇਹ ਕਲਮ ਅਸਾਡਾ ਸ਼ਸ਼ਤਰ ਸੁਣ ਨਿੰਦਕ ਰਖਿਆ ਕਰਦਾ ਸਾਡੀ ਇਹ
ਜਦ ਜਦ ਭੀ ਮੇਰੀ ਨਿੰਦਾ ਕਰਦਾ ਤੂੰ ਅਪਣਾ ਨੱਕ ਵਡਾਈ ਜਾਂਦਾ

*ਰਹਬਰ-ਰਾਹ ਵਿਖਾਉਣ ਵਾਲਾ

ਤੂੰ ਲੇਖਕ ਦੀ ਕਲਮ ਤੋਂ ਡਰ ਦੜ ਵੱਟ ਸਮੇਂ ਨੂੰ ਕੱਟ
ਹਰ ਵਰਕੇ ਤੇ ਉੱਪਰ ਸੱਜਣਾ ਅਪਣੇ ਲੇਖ ਲਿਖਾਈ ਜਾਂਦਾ

ਹਰ ਵੇਲੇ ਮੈਂ ਚੌਕਸ ਰਹਿੰਦਾ ਤੇਰੇ ਬੋਲਾਂ ਤੇ ਅੰਕੁਸ਼ ਲਾਉਂਦਾ
ਬਚ ਕੇ ਤੂੰ ਜਾਵੇਂਗਾ ਕਿੱਥੇ ਅਪਣੀ ਗਰਦ ਲੁਹਾਈ ਜਾਂਦਾ

ਤੂੰ ਪੀਰਾਂ ਨੂੰ ਗਾਲਾਂ ਕੱਢਦਾ ਉਹਨਾਂ ਤੇ ਇਲਜ਼ਾਮ ਹੈਂ ਮੜ੍ਹਦਾ
ਭਗਤ ਕਬੀਰ ਨੂੰ ਖੱਲ ਵਿਚ ਸਿਉਂ ਕੇ ਗੰਗਾ ਵਿਚ ਹੜਾਈ ਜਾਂਦਾ

ਕਿੱਸਾ-ਕੋਤਾ* ਤੂੰ ਉਤਪਾਤੀ ਅਲਫ਼ਾਜ ਤੇਰੇ ਭੈੜੇ ਹੇ ਨਿੰਦਕ
ਹਰ ਝਗੜੇ ਵਿਚ ਹੱਥ ਹੈ ਤੇਰਾ ਤੂੰ ਬੰਦ ਬੰਦ ਕਟਵਾਈ ਜਾਂਦਾ

ਉਠ ਸਵੇਰੇ ਨੁਕਸ ਕੱਢਦਾ ਹਰ ਵਸਤੂ ਵਿਚ ਵਿੰਗ ਵੇਖਦਾ
ਤੂੰ ਲੱਭ ਲੱਭ ਨਿੰਦਾ ਦੇ ਪਾਤਰ ਲਪ ਲਪ ਜੀਭ ਚਲਾਈ ਜਾਂਦਾ

ਤੂੰ ਛੱਕਦਾ ਨਿੰਦਾ ਦੀ ਭੁੱਕੀ ਰਹਿੰਦਾ ਮਸਤ ਵਿਕਾਰਾਂ ਵਿਚ
ਬਿਨਾਂ ਬਕੇਰਾਂ ਦੇ ਤੂੰ ਚਲਦਾ ਨਿੰਦਾ ਦੇ ਸਲਿਪ ਮਰਾਈ ਜਾਂਦਾ

ਤੂੰ ਬੇਚੈਨ ਰਹਿਣ ਦਾ ਆਦੀ ਹੋਰਾਂ ਨੂੰ ਅਸ਼ਾਂਤ ਹੈ ਕਰਦਾ
ਚਾਰੇ ਖਾਨੇ ਚਿੱਤ ਤੂੰ ਗਿਰਦਾ ਅਪਣੇ ਹੱਥ ਤੁੜਾਈ ਜਾਂਦਾ

ਤੇਰੇ ਹੱਥਾਂ ਵਿਚ ਅੱਗ ਦੇ ਗੋਲੇ ਮੂੰਹ ਵਿਚ ਰੱਖਦਾ ਆਤਿਸ਼-ਪਾਰੇ*
ਤੂੰ ਨਿੰਦਾ ਦੀ ਅਗਨੀ ਬਣਕੇ ਬੇੜੇ ਗਰਕ ਕਰਾਈ ਜਾਂਦਾ

*ਕਿੱਸਾ-ਕੋਤਾ-ਸੰਖੇਪ ਵਿਚ *ਆਤਿਸ਼-ਪਾਰੇ-ਅੱਗ ਦੇ ਟੁਕੜੇ

ਤੂੰ ਕਿਸੇ ਤੇ ਤਰਸ ਨਾਂ ਖਾਂਦਾ ਤੂੰ ਅਨਿਆਈ ਬਦਵਖਤਾ
ਤੂੰ ਬੇਸ਼ਰਮ ਕਮੀਨਾ ਨਿੰਦਕ ਕਾਹਨੂੰ ਹੱਥ ਮਿਲਾਈ ਜਾਂਦਾ

ਤੂੰ ਜਰ ਖਾਧੀ ਹੋਈ ਗਾਗਰ ਕੰਢੇ ਤੇਰੇ ਸੂਲਾਂ ਵਰਗੇ
ਲੱਤਾਂ ਤੇ ਤੂੰ ਵੱਜਦਾ ਨਿੰਦਕ ਵੱਡੇ ਚੀਰੇ ਲਾਈ ਜਾਂਦਾ

ਤੂੰ ਬਰੂ ਦੇ ਬੂਟੇ ਵਰਗਾ ਤੇਰੀਆਂ ਜੜ੍ਹਾਂ ਪਤਾਲਾਂ ਤੀਕ
ਜਿੰਨਾਂ ਜਿੰਨਾਂ ਤੈਨੂੰ ਪੁਟੀਏ ਅਪਣਾ ਤਣਾ ਵਧਾਈ ਜਾਂਦਾ

ਕੋਈ ਨਾ ਬਚਿਆ ਤੇਥੋਂ ਨਿੰਦਕ ਤੇਰਾ ਡੰਗ ਬੜਾ ਦੁਖਦਾਈ
ਤੇਰਾ ਡੱਸਿਆ ਪਾਣੀ ਨਾ ਮੰਗਦਾ ਅਪਣਾ ਜ਼ਹਿਰ ਚੜ੍ਹਾਈ ਜਾਂਦਾ

ਹਰ ਵਿਅੰਗ ਵਿਚ ਤੇਰੇ ਵਸਦੀ ਜਾਨਲੇਵਾ ਸਿਸਕੀਆਂ ਤੇ ਆਹਾਂ
ਤੂੰ ਜ਼ਾਲਿਮ ਬੋਲਦਾ ਮੰਦਾ ਵੈਰਾਂ ਨੂੰ ਹੋਰ ਵਧਾਈ ਜਾਂਦਾ

ਚੌਰਾਹਾਂ ਤੇ ਮੰਜੀ ਡਾਹੁੰਦਾ ਨਿੰਦਾ ਦੀ ਦੁਕਾਨ ਚਲਾਉਂਦਾ ਹੈ
ਨਿੰਦਾ ਦੀ ਕਮਾਈ ਖਾ ਖਾ ਅਪਣੀ ਸ਼ਾਖ਼ ਵਧਾਈ ਜਾਂਦਾ

ਤੂੰ ਕਲਜੁਗ ਦੇ ਰੰਗ ਮੰਚ ਦਾ ਮੁਖ ਪਾਤਰ ਹੈ ਨਿੰਦਕ
ਨਿੱਤ ਨਵੇਂ ਤੂੰ ਨਾਟਕ ਕਰਕੇ ਦੁਨੀਆਂ ਦੀ ਬੱਸ ਕਰਾਈ ਜਾਂਦਾ

ਜੇ ਕੋਈ ਤੈਨੂੰ ਸਿੱਖਿਆ ਦਿੰਦਾ ਉਸਨੂੰ ਤੂੰ ਗਧਾ ਹੈ ਕਹਿੰਦਾ
ਤੂੰ ਨਾ ਮੰਨਦਾ ਗੱਲ ਕਿਸੇ ਦੀ ਅਪਣੇ ਹੁਕਮ ਚਲਾਈ ਜਾਂਦਾ

ਤੂੰ ਨਾਕਾਮ ਜ਼ਿੰਦਗੀ ਦੇ ਵਿਚ, ਵੇਹਲਾ ਬੈਠ ਘਾੜਤਾਂ ਘੜਦਾ
ਕਿਸਨੂੰ ਨਿੰਦਾਂ ਕਿਸਨੂੰ ਛੱਡਾਂ ਮਨ ਵਿਚ ਬਣਤ ਬਣਾਈ ਜਾਂਦਾ

ਤੇਰਾ ਨਾ ਕੋਈ ਮਿੱਤਰ ਨਿੰਦਕ ਨਾ ਕੋਈ ਮਾਂ ਬਾਪ ਹੈ ਲਗਦਾ
ਤੂੰ ਮਨੁੱਖ ਜੂਨੀ ਵਿਚ ਆਕੇ ਪਾਪੀ ਪਾਪ ਕਮਾਈ ਜਾਂਦਾ

ਤੂੰ ਭੈੜਾ ਕੁੱਤੇ ਦੇ ਨਾਲੋਂ ਬੁਰਕ ਕੱਢ ਲੈਂਦਾ ਮਾਸ
ਤੂੰ ਅੰਗਾ ਨੂੰ ਵੱਡ ਵੱਡ ਕੇ ਲਹੂ ਲੁਹਾਨ ਕਰਾਈ ਜਾਂਦਾ

ਖਮਦਾਰ ਹਵਾ ਦਾ ਬਾਰ ਬਰੋਲਾ ਲੈ ਕੇ ਉਡ ਜਾਂਦਾ ਤੂੰ ਸਭ ਕੁਝ
ਤੂੰ ਛਾਵਾਂ ਦੇ ਬੂਟੇ ਪੁੱਟ ਕੇ ਮਾਰੂਥਲ ਬਣਾਈ ਜਾਂਦਾ

ਚੰਨ ਸੂਰਜ ਭੀ ਤੈਥੋਂ ਡਰਦੇ ਜਦ ਤੂੰ ਗੱਲ ਘਟਾ ਕੇ ਕਰਦਾ
ਆਕਾਸ਼ਾਂ ਦੀ ਨਿੰਦਾ ਕਰਕੇ ਧਰਤੀ ਤੇ ਹਨੇਰ ਪੁਆਈ ਜਾਂਦਾ

ਤੇਜ ਹਵਾ ਨੂੰ ਗਾਲਾਂ ਕੱਢਦਾ ਜੋ ਦਿੰਦੀ ਸ਼ਾਂਤ ਸਰੀਰਾਂ ਨੂੰ
ਕੁਦਰਤ ਦੇ ਵਿਰੁੱਧ ਤੂੰ ਚਲਦਾ ਰੱਬ ਤੋਂ ਮਾਰਾਂ ਖਾਈ ਜਾਂਦਾ

ਤੂੰ ਹੈਂ ਇਕ ਬਾਰੂਦੀ ਗੋਲਾ ਹੌਲੀ ਹੌਲੀ ਤੂੰ ਅੱਗ ਨੂੰ ਫੜਦਾ
ਨਾਲਾਇਕੀ ਦੇ ਝੰਡੇ ਗੱਡ ਕੇ ਤੂੰ ਆਪ ਨੂੰ ਸ਼ਰਮ ਸ਼ਾਰ ਕਰਾਈ ਜਾਂਦਾ

ਤੇਰੀ ਦਿੱਖ ਭਿਆਨਕ ਨਿੰਦਕ ਦਿਸਦਾ ਤੂੰ ਵਿਦਵਾਨਾਂ ਨੂੰ
ਬੰਦੇ ਦੀ ਤੂੰ ਪਛਾਣ ਤੋਂ ਬਾਹਰ ਚਲਿੱਤਰ ਵਿਖਾ ਲੁਭਾਈ ਜਾਂਦਾ

ਹਰੀਆਵਲ ਧਰਤੀ ਨੂੰ ਮਲੀਨ ਕਰਕੇ ਤੂੰ ਹੱਸਦਾ
ਖਾਣੇ ਦੀ ਅਸ਼ਿਆ* ਵਿਚ ਤੂੰ ਤਾਂ ਸਭਨੂੰ ਜ਼ਹਿਰ ਖੁਆਈ ਜਾਂਦਾ

ਹਟਦਾ ਨਹੀਂ ਤੂੰ ਦੁਸ਼ਕਰਮਾਂ ਤੋਂ ਧੁਰੋਂ ਲੇਖ ਲਿਖਾ ਕੇ ਆਇਆ
ਤੂੰ ਕਰਮਾਂ ਦਾ ਮਾਰਾ ਨਿੰਦਕ ਅਪਣੇ ਪਾਪ ਵਧਾਈ ਜਾਂਦਾ

ਕੌੜੇ ਸ਼ਬਦਾਂ ਦਾ ਸ਼ਬਦਕੋਸ਼ ਤੂੰ ਮੂੰਹ ਵਿਚ ਤੇਰੇ ਕਾਲੀ ਜ਼ੁਬਾਨ
ਮੰਦੇ ਬੋਲਾਂ ਦਾ ਸੰਗ੍ਰਹਿ ਤੂੰ ਉਲਟ ਪੜਤ ਪੜ੍ਹਾਈ ਜਾਂਦਾ

ਅੰਤ ਤੇਰਾ ਆਖ਼ਿਰ ਹੈ ਭੈੜਾ ਤੂੰ ਕਰਮਾਂ ਦਾ ਸੜਿਆ ਨਿੰਦਕ
ਮੌਤ ਤੇਰੀ ਭੀ ਡਰਦੀ ਤੈਥੋਂ ਉਸਨੂੰ ਹਾਕਾਂ ਮਾਰੀ ਜਾਂਦਾ

ਤੂੰ ਬੰਦੇ ਦਾ ਭੈੜਾ ਸੁਪਨਾ ਸੁਤਿਆਂ ਚੈਨ ਲੈਣ ਨਾ ਦਿੰਦਾ
ਤੂੰ ਨੀਂਦਰਾਂ ਵਿਚ ਆਉਂਦਾ ਰਹਿੰਦਾ ਸਭ ਦੀ ਨੀਂਦ ਉਡਾਈ ਜਾਂਦਾ

ਮਾਂ ਕਿਉਂ ਬਕਵਾਸੀ ਜੰਮਦੀ ਪੁੱਤਰ ਜੋ ਸ਼ਾਹਰਾਹਾਂ ਤੇ ਗਾਲਾਂ ਕੱਢਦਾ
ਤੇਰਾ ਜੰਮਿਆਂ ਚੇਲਾ ਬਣਕੇ ਨਿੰਦਕ ਦਾ ਹੁਕਮ ਹੰਡਾਈ ਜਾਂਦਾ

ਇਕ ਰੱਤੀ ਭਰ ਭੀ ਅਸਰ ਨਾ ਹੁੰਦਾ ਤੇਰੇ ਤੇ ਉਏ ਚਿਕਨੇ ਘੜਿਆ
ਅਪਣੇ ਜਾਇਆਂ ਤੋਂ ਬੱਕ ਮਰਾਕੇ ਵੱਡਾ ਹਨੇਰ ਪੁਆਈ ਜਾਂਦਾ

ਮੂੰਹ ਤੇ ਤੇਰੇ ਅੱਗ ਬਰਸਦੀ ਸਾਹਾਂ ਵਿਚ ਤੇਰੇ ਬਦਬੂ
ਸੁਗੜ ਸਿਆਣੇ ਦੀ ਮੱਤ ਲਾਹ ਕੇ ਪਿਛੋਂ ਖੜ੍ਹਤਾਲ ਵਜਾਈ ਜਾਂਦਾ

*ਅਸ਼ਿਆ-ਵਸਤੂ

ਤੇਰੀ ਬਖਸ਼ ਕਦੀ ਨਾ ਹੋਣੀ ਚਾਹੇ ਜਿੰਨੇ ਮੱਥੇ ਟੇਕ
ਕੀਤੇ ਹੋਏ ਕੰਮਾਂ ਕਾਰਾਂ ਨੂੰ ਤੂੰ ਮਿੱਟੀ ਵਿਚ ਮਿਲਾਈ ਜਾਂਦਾ

ਤੂੰ ਸੱਪਾਂ 'ਚ ਸੱਪ ਹੈਂ ਫ਼ਨੀਅਰ ਡਸ ਲੈਂਦਾ ਜਿਸਨੂੰ ਪਾਣੀ ਨਹੀਂ ਮੰਗਦਾ
ਤੇਰੀ ਛਾਇਆ ਜਿਸ ਤੇ ਪੈਂਦੀ ਉਸ ਦਾ ਘਾਣ ਕਰਾਈ ਜਾਂਦਾ

ਤੂੰ ਜੀਵਨ ਵਿਚ ਇਕ ਕੁੜੱਤਣ ਜਿਊਣ ਨਾ ਦਿੰਦਾ ਸੌਖੇ ਹਾਲ
ਕੱਪੜੇ ਪਾ ਕੇ ਭੀ ਤੂੰ ਨੰਗਾ ਜਗ ਵਿਚ ਨਾਚ ਨਚਾਈ ਜਾਂਦਾ

ਤੇਰੀ ਉਮਰ ਹੈ ਵੱਡੀ ਨਿੰਦਕ ਤੂੰ ਨਾ ਜਾਣੇ ਪਰਾਈ ਪੀੜ
ਤੇਰਾ ਮਨ ਰਹਿੰਦਾ ਹੈ ਛਿਦਰਿਤ* ਹੋਰਾਂ ਵਿਚ ਨੁਕਸ ਵਿਲੋਕੀ ਜਾਂਦਾ

ਨਿੰਦਕ ਦੇ ਘਰ ਸਦਾ ਝਮੇਲੇ ਰਹਿੰਦੇ ਚਿੰਤਾ ਵਿਚ ਰਹਿੰਦਾ ਹੈ ਚਿੱਤ
ਅਪਣਾ ਨਜ਼ਲਾਂ ਹੋਰਾਂ ਤੇ ਸੁਟਦਾ ਉਂਗਲਾਂ ਨਾਲ ਨਚਾਈ ਜਾਂਦਾ

ਨਿੰਦਕ ਅਸਮਤ ਦਾ ਸੌਦਾਗਰ ਸੌਦੇ ਕਰਦਾ ਸੰਝ ਸਵੇਰੇ
ਜਾਲ ਬਿਛਾ ਕੇ ਰੱਖਦਾ ਨਿੰਦਕ ਗਲ ਵਿਚ ਫੰਦੇ ਪਾਈ ਜਾਂਦਾ

ਬੇਅਰਥ ਤੇਰਾ ਅਡੰਬਰ ਪਹਿਰਾਵਾ ਅਮਲਾਂ ਤੋਂ ਨਾ ਤੇਰਾ ਕੰਮ
ਤੂੰ ਕਰਦਾ ਨਿੰਦਾ ਭਲਿਆਂ ਦੀ ਸੁਰਗਾਂ ਦੀ ਆਸ ਲਗਾਈ ਜਾਂਦਾ

ਤੂੰ ਕਰਮਾਂ ਦਾ ਸੜਿਆ ਨਿੰਦਕ ਅੰਤ ਤੇਰਾ ਬੜਾ ਦੁਖਦਾਈ
ਕੰਡਿਆਂ ਦੀ ਤੂੰ ਫਸਲ ਬੀਜਦਾ ਪੀੜਾਂ ਵਿਚ ਕੁਰਲਾਈ ਜਾਂਦਾ

*ਛਿਦਰਿਤ-ਛਾਲਣੀ ਹੋਇਆ

ਮਕਸਦ ਤੇਰਾ ਨਿੰਦਾ ਕਰਨਾ ਵਿਅਰਥ ਬੋਲਣਾ ਤੇਰੀ ਫਿਤਰਤ
ਤੂੰ ਰੱਬ ਦੇ ਇਸ ਸੁੰਦਰ ਜਗ ਨੂੰ ਮਾਰੂਥਲ ਬਣਾਈ ਜਾਂਦਾ

ਤੂੰ ਜਾਣੇ ਨਾ ਕੀ ਹੈ ਬੋਲਣਾ ਸਮੇਂ ਦੀ ਤੈਨੂੰ ਪਰਖ ਨਹੀਂ
ਤੂੰ ਕੰਨਾਂ ਦਾ ਕੱਚਾ ਨਿੰਦਕ ਘਰਾਂ 'ਚ ਅੱਗ ਲਗਾਈ ਜਾਂਦਾ

ਤੇਰਾ ਕੋਈ ਬੁਨਿਆਦ ਨਾ ਨਿੰਦਕ ਤੂੰ ਇਕ ਹੈ ਫਫੂੰਦੀ ਕਾਲੀ
ਜਿੱਥੇ ਭੀ ਜੰਮਦਾ ਤੂੰ ਨਿੰਦਕ ਉਸਦੀ ਗਿੱਲ ਉਡਾਈ ਜਾਂਦਾ

ਸੁਬਹਿ ਸਵੇਰੇ ਮੰਜੀ ਡਾਹ ਬਹਿੰਦਾ ਪੜੋਸੀ ਦੀ ਤੂੰ ਨਿੰਦਾ ਕਰਦਾ
ਤੂੰ ਨਾ ਕਰਦਾ ਸ਼ਰਮ ਕਿਸੇ ਦੀ ਅੱਖਾਂ ਵਿਚ ਮਿੱਟੀ ਪਾਈ ਜਾਂਦਾ

ਤੂੰ ਮਾਇਆਵੀ ਛਲੇਡਾ ਵੱਡਾ ਛਲ ਕਰਕੇ ਲੁਟ ਲੈਂਦਾ ਪੱਤ
ਤੂੰ ਨਾ ਜਾਣੇ ਦਰਦ ਕਿਸੇ ਦਾ ਨਿੰਦਾ ਕਰ ਤੜਫਾਈ ਜਾਂਦਾ

ਤੂੰ ਬਿਛੂ ਦੇ ਡੰਗ ਵਾਂਗ ਜ਼ਹਰੀਲਾ ਜੋ ਡਸ ਲੈਂਦਾ ਸਰੀਰਾਂ ਨੂੰ
ਕਾਇਆ ਨੂੰ ਨੀਲੀ ਕਰ ਦਿੰਦਾ ਚੰਘਿਆੜਾਂ ਮਰਵਾਈ ਜਾਂਦਾ

ਤੂੰ ਤਿਆਰ ਕਰਦਾ ਨਿੱਤ ਇਕ ਬੱਕਰਾ ਨਿੰਦਾ ਤੇ ਕੁਰਬਾਨੀ ਲਈ
ਤੂੰ ਜੁਰਮਾਂ ਦੀ ਪੰਡ ਚੁਕਾ ਕੇ ਨਰਕਾਂ ਦੇ ਦੁਆਰ ਪੁਚਾਈ ਜਾਂਦਾ

ਤੂੰ ਬੇਸ਼ਰਮੀ ਦਾ ਪੂਛਲਤਾਰਾ ਵਿਨਾਸ਼ ਦਾ ਤੂੰ ਹੈ ਇਸ਼ਾਰਾ
ਜਿਹੜੇ ਪਾਸੇ ਤੂੰ ਦਿਸ ਜਾਂਦਾ ਉਥੇ ਅੰਨ੍ਹੀ ਪਾਈ ਜਾਂਦਾ

ਤੂੰ ਭੰਡੇ ਦਾ ਯਾਰ ਹੈ ਨਿੰਦਕ ਤੇਰੇ ਜੁਰਮ ਨਾ ਬਖਸ਼ਣਯੋਗ
ਤੇਰੇ ਤੇ ਲਾਹਨਤ ਹੋ ਬਰਪਾ* ਮੂੰਹ ਕਾਲਾ ਕਰਵਾਈ ਜਾਂਦਾ

ਪੱਥਰ ਪਾੜ ਨਜ਼ਰ ਹੈ ਤੇਰੀ ਚੁਕ ਤੇਰੀ ਕਰਦੀ ਦੋਫਾੜ
ਹੱਸਦੀ ਵਸਦੀ ਹਰ ਬਸਤੀ ਤੇ ਅਪਣੀ ਕਾਲੀ ਛਾਇਆ ਪਾਈ ਜਾਂਦਾ

ਤੂੰ ਰੰਗਾਂ 'ਚ ਭੰਗ ਹੈਂ ਪਾਉਂਦਾ ਬੇਸੁਆਦੀ ਕਰਦਾ ਹਰ ਸੁਆਦ
ਜਿਊਣ ਨਾ ਦਿੰਦਾ ਤੂੰ ਇਸ ਜਗ ਵਿਚ ਯਾਰ ਮਾਰ ਕਰਾਈ ਜਾਂਦਾ

ਇਸਤਰੀ ਬੱਚਿਆਂ ਦੀ ਤੂੰ ਮੱਤ ਹਰ ਲੈਂਦਾ ਉਹਨਾਂ ਤੋਂ ਬਕਵਾਸ ਕਰਾਉਂਦਾ
ਨਿੰਦਾ ਦੀ ਨਸੀਹਤਾਂ ਕਰਕੇ ਨਿੰਦਕ ਮੰਤਰ ਮੁਗਧ ਕਰਾਈ ਜਾਂਦਾ

ਉਮਰ ਤੇਰੀ ਪੱਕੀ ਹੋਈ ਨਿੰਦਕ ਫੇਰ ਭੀ ਤੂੰ ਨਾ ਆਉਂਦਾ ਬਾਜ
ਤੂੰ ਲੋਕਾਂ ਦੇ ਘਰ ਜਾ ਜਾ ਕੇ ਨਿੰਦਾ ਦੀ ਤੀਲੀ ਲਾਈ ਜਾਂਦਾ

ਤੇਰੇ ਨੈਣ ਨਕਸ਼ ਹੈਵਾਨਾਂ ਵਰਗੇ ਕੰਮ ਤੇਰੇ ਜ਼ਮੀਰੋ ਗਿਰੇ
ਲੰਗ ਮਾਰ ਕੇ ਤੂੰ ਹੈ ਤੁਰਦਾ ਜ਼ੁਾਭਾਂ ਦਾ ਭੇੜ ਕਰਾਈ ਜਾਂਦਾ

ਬੇਢੱਬੀ ਹੈ ਚਾਲ ਤੇਰੀ ਭਟਕਦਾ ਫਿਰਦਾ ਰਾਹਾਂ ਦੇ ਉਤੇ
ਸ਼ੈਤਾਨੀ ਨੇ ਤੇਰੇ ਕਰਤਵ ਤੂੰ ਆਦਮ ਜਾਤ ਕੁਹਾਈ ਜਾਂਦਾ

ਮੱਥਾ ਤੇਰਾ ਭੇਡੂ ਵਰਗਾ ਟੱਕਰਾਂ ਦੇ ਲਈ ਬਣਿਆ ਹੋਇਆ
ਹਰ ਵਸਤੂ ਤੇ ਤੂੰ ਟਕਰਾਉਂਦਾ ਨਿੰਦਕਰਾਜ ਕੁਹਾਈ ਜਾਂਦਾ

*ਬਰਪਾ-ਗਿਰੇ

ਮੂੰਹ ਤੇਰਾ ਕੁੜੱਤਣ ਨਾਲ ਭਰਿਆ ਜ਼ੁਬਾਨ ਵਿਚ ਹਨ ਬੋਲ ਕਬੱਲੇ
ਤੂੰ ਨਿੰਦਾ ਦੀ ਚੁਟਕੀ ਦੇ ਕੇ ਸਭਨੂੰ ਬਿਮਾਰ ਕਰਾਈ ਜਾਂਦਾ

ਮਗਜ਼ ਤੇਰਾ ਖੁਰਾਫਾਤ ਦਾ ਅੱਡਾ ਸਾਜਿਸ਼ ਤਾ ਤੂੰ ਸਾਜ਼ਕਾਰ
ਤੂੰ ਪਾਖੰਡੀ ਜਗਤ ਕਸਾਈ ਨਿੰਦਾ ਕਰ ਖ਼ੁਦਕਸ਼ੀਆਂ ਕਰਾਈ ਜਾਂਦਾ

ਤੂੰ ਨਿੰਦਾ ਦੇ ਦਫਤਰ ਖੋਲਦਾ ਰੰਗ ਮੰਚ ਤੇ ਡਰਾਮੇ ਕਰਦਾ
ਤੂੰ ਭਾੜੇ ਤੇ ਟੱਟੂਆਂ ਕੋਲੋਂ ਕੁੱਤਾ ਰਾਜ ਬਹਾਲੀ ਜਾਂਦਾ

ਤੈਥੋਂ ਬਚਕੇ ਕਿਥੇ ਜਾਈਏ ਨਿੰਦਕਾ ਤੂੰ ਵੱਡਾ ਹੈ ਰੋਗ ਅਵੱਲਾ
ਤੂੰ ਸਭਨਾਂ ਦੇ ਚੈਨ ਹੈਂ ਖੋਂਹਦਾ ਸਿਰ ਸਭਨਾਂ ਦੇ ਖਾਈ ਜਾਂਦਾ

ਚੰਗੇ ਨੂੰ ਚੰਗਾ ਰਹਿਣ ਨਾ ਦਿੰਦਾ ਬੋਲਣ ਤੇ ਕਰਦਾ ਮਜਬੂਰ
ਗਾਲਾਂ ਖਾਂਦਾ ਤੂੰ ਸਭਨਾਂ ਤੋਂ ਬੇਇੱਜ਼ਤੀਆਂ ਕਰਾਈ ਜਾਂਦਾ

ਤੂੰ ਨਾ ਯਾਰ ਕਿਸੇ ਦਾ ਨਿੰਦਕ ਡੱਸੇ ਤੇਰੇ ਪਾਣੀ ਨਾ ਮੰਗਦੇ
ਤੂੰ ਤਾਂ ਹੈ ਕਰਮਾਂ ਦਾ ਸੜਿਆ ਜਿੰਦੜੀ ਨੂੰ ਜੰਗ ਲੁਆਈ ਜਾਂਦਾ

ਚੜ੍ਹਦੇ ਸੂਰਜ ਤੂੰ ਲੱਗ ਜਾਂਦਾ ਟੋ੍ਲਣ ਨਿੰਦਾ ਦੀ ਸਮਗਰੀ
ਝੋਲੀ ਲੈ ਕੇ ਤੂੰ ਤੁਰ ਪੈਂਦਾ ਵਿਚ ਨਿੰਦਾ ਦੇ ਕੰਕਰ ਪਾਈ ਜਾਂਦਾ

ਬੜੀ ਸਫਾਈ ਤੇ ਤੂੰ ਸੁਟਦਾ ਨਿੰਦਾ ਦੇ ਮੋਹਰੇ ਤੂੰ ਅਪਣੇ
ਤੂੰ ਚੌਪਟ ਕੀ ਬਾਜ਼ੀ ਲਾ ਕੇ ਸ਼ਕੁਨੀ ਵਾਂਗ ਹਰਾਈ ਜਾਂਦਾ

ਚੀਰ-ਹਰਣ ਕਰਕੇ ਤੂੰ ਨਿੰਦਕ ਪੱਤ ਦੀ ਲੀਰਾਂ ਕਰ ਦਿੰਦਾ
ਦ੍ਰੋਪਦੀ ਵਰਗੀ ਸ਼ੀਲਾਵੰਤੀ ਨੂੰ ਤੂੰ ਨਿਰਵਸਤਰ ਕਰਾਈ ਜਾਂਦਾ

ਤੂੰ ਨਿਰਮੋਹੀ ਜ਼ਹਿਰ ਦਾ ਭਰਿਆ ਸੂਰਜ ਦਾ ਮੂੰਹ ਕਾਲਾ ਕਰਦਾ
ਚੰਗੇ ਚੰਗੇ ਵਿਦਵਾਨਾਂ ਨੂੰ ਨਿੰਦਕ ਅਪਸ਼ਬਦ ਕੁਹਾਈ ਜਾਂਦਾ

ਤੇਰੇ ਘਰ ਨਿੰਦਾ ਦੇ ਮੰਡਲ ਜਿਸਦਾ ਤੂੰ ਨਿਦਕ ਪ੍ਰਧਾਨ
ਤੂੰ ਹਰ ਤਰਫ ਨਿੰਦਾ ਦਾ ਵਿਤਰਕ ਇਸਦੀ ਮੋਹਰ ਲਗਾਈ ਜਾਂਦਾ

ਤੂੰ ਆਇਆ ਸੀ ਜਗ ਵਿਚ ਨਿੰਦਕ ਚੰਗੇ ਕਰਮ ਕਰਨ ਦੇ ਲਈ
ਪਰ ਤੈਨੂੰ ਤਾਂ ਨਿੰਦਾ ਹੀ ਪਿਆਰੀ ਜੀਵਨ ਗਰਕ ਕਰਾਈ ਜਾਂਦਾ

ਤੂੰ ਅੱਜ ਹੈ ਕੁਝ ਕੱਲ ਨੂੰ ਤੂੰ ਹੋ ਜਾਂਦਾ ਬਿਲਕੁਲ ਦਿਗਰ*
ਤੂੰ ਮੁਖੌਟਾ ਯਕਦਮ ਬਦਲਦਾ ਅਪਣਾ ਵਿਸ਼ਵਾਸ ਗੁਆਈ ਜਾਂਦਾ

ਕੀ ਕੀ ਜ਼ਿਕਰ ਕਰਾਂ ਮੈਂ ਤੇਰਾ ਨਿੰਦਕ ਤੂੰ ਅਚਰਜ ਵਿਚ ਪਾਉਂਦਾ
ਮੈਨੂੰ ਤੂੰ ਘਰ ਅੰਦਰ ਬੈਠੇ ਕੀ ਤੋਂ ਕੀ ਬਣਾਈ ਜਾਂਦਾ

ਰੱਬ ਦੀ ਗੱਲ ਭੀ ਕਰਿਆ ਕਰ ਤੂੰ ਝੂਠ ਤੁਫ਼ਾਨ ਨਾ ਤੋਲੀ ਜਾ
ਤੂੰ ਪੱਤਾਂ ਨੂੰ ਛੱਜਾਂ ਦੇ ਵਿਚ ਪਾ ਕੇ ਸ਼ਰੇਆਮ ਪਛੱਟੀ ਜਾਂਦਾ

ਮਿੱਠੀ ਗੋਲੀ ਦੇ ਕੇ ਨਿੰਦਕ ਤੂੰ ਇਕੱਠ ਕਰ ਲੈਂਦਾ ਹੈ
ਤੂੰ ਜਗ ਨੂੰ ਮੁੱਠੀ ਵਿਚ ਪਾ ਕੇ ਘੁੰਗਰੂ ਵਾਂਗ ਵਜਾਈ ਜਾਂਦਾ

*ਦਿਗਰ-ਹੋਰ

ਤੂੰ ਦੁਖਦਾਈ ਫਾਂਸ ਹੈ ਨਿੰਦਕ ਚੁਭਦੀ ਤੇ ਟੁਟ ਜਾਂਦੀ ਹੈ
ਨਕਚੂੰਡੀ ਨਾਲ ਭੀ ਇਹ ਨਾ ਨਿਕਲਦੀ ਸਾਲਾਂ ਦੁਖ ਪੁਚਾਈ ਜਾਂਦਾ

ਇੱਕੋ ਗੱਲ ਨੂੰ ਤੂੰ ਰਟਵਾਉਂਦਾ ਘੋਟਾ ਚਾੜ ਚਾੜ ਪਿਆਉਂਦਾ ਹੈਂ
ਬਾਰ ਬਾਰ ਅਪਸ਼ਬਦ ਬੋਲ ਕੇ ਅਮਨ ਚੈਨ ਉਡਾਈ ਜਾਂਦਾ

ਕੀ ਖੱਟਿਆ ਕੀ ਪਾਇਆ ਹੈ ਨਿੰਦਕ ਤੂੰ ਇਸ ਜਗ ਵਿਚ ਆ ਕੇ
ਤੂੰ ਵਿਸ਼ ਦਾ ਵਪਾਰੀ ਨਿੰਦਕ ਜ਼ਹਿਰ ਵਿਚ ਜ਼ਹਿਰ ਮਿਲਾਈ ਜਾਂਦਾ

ਤੂੰ ਸਿਖ ਸਿਖਾਇਆ ਉਸਤਾਦ ਨਿੰਦਾ ਦਾ ਕਰ ਦਿੰਦਾ ਛਿਨ ਵਿਚ ਬਦਨਾਮ
ਤੂੰ ਚਿਕਨਾ ਘੜਾ ਆਕਾਸ਼ੀ ਵਿਪਤਾ ਵੱਡਾ ਚਤੁਰ ਕੁਹਾਈ ਜਾਂਦਾ

ਤਰਕਹੀਨ ਤੇਰੀਆਂ ਸਭ ਗੱਲਾਂ ਹਰਾਮ ਤੇਰੇ ਤੇ ਚੜ੍ਹਿਆ ਰਹਿੰਦਾ
ਤੂੰ ਮੱਕਾਰ ਮੀਸਣਾ ਵੱਡਾ ਨਿੰਦਾ ਦੀਆਂ ਚੋਟਾਂ ਲਾਈ ਜਾਂਦਾ

ਲੰਬੀ ਤੇਰੀ ਉਮਰ ਹੈ ਨਿੰਦਕ ਜ਼ਹਿਰ ਨਾਲ ਹੈ ਭਰਿਆ ਰਹਿੰਦਾ
ਤੂੰ ਫ਼ਨੀਅਰ ਸੱਪ ਧਰਤੀ ਦੇ ਉਤੇ ਜ਼ਹਿਰ ਦੇ ਕਹਿਰ ਚਲਾਈ ਜਾਂਦਾ

ਤੂੰ ਅਜਗਰ ਧਰਤੀ ਦਾ ਨਿੰਦਕ ਤੇਰਾ ਡਸਿਆ ਨਾ ਪਾਣੀ ਮੰਗਦਾ
ਕੁਝ ਨੂੰ ਨਿਗਲਦਾ ਸਾਹਾਂ ਨਾਲ ਨਿੰਦਕ ਕੁਝ ਨੂੰ ਤਾਂ ਤੂੰ ਡੱਸੀ ਜਾਂਦਾ

ਤੇਰਾ ਚਲਨ ਅਜਬ ਹੈ ਨਿੰਦਕ ਕੁਝ ਰਹਿੰਦਾ ਕੁਝ ਕਰਦਾ ਹੈ
ਤੂੰ ਘਿਰਣਾ ਦਾ ਪਾਤਰ ਨਿੰਦਕ ਜੀਵਨ ਤੇ ਜਾਮ ਲਗਾਈ ਜਾਂਦਾ

ਲਿਖਣ ਨਾ ਦਿੰਦਾ ਰਚਨਾ ਚੰਗੀ ਦਿਲ ਤੇ ਭਾਰੀ ਰਹਿੰਦਾ ਹੈਂ
ਅਹਿਸਾਸਾਂ ਵਿਚ ਵੜਕੇ ਨਿੰਦਕ ਸਾਹਿਤ ਨੂੰ ਢਾਹ ਲੁਆਈ ਜਾਂਦਾ

ਕਿਦਾਂ ਲਿਖੀਏ ਚੰਗੀਆਂ ਲਿਖਤਾਂ ਇਸ ਭੈੜੇ ਚੌਗਿਰਦੇ ਵਿਚ
ਤੂੰ ਵੈਰੀ ਪਰਵਾਜ਼ਾਂ ਦਾ ਨਿੰਦਕ ਸੋਚਾਂ ਤੇ ਸੱਟ ਮਰਾਈ ਜਾਂਦਾ

ਤੂੰ ਅਣਜਾਨ ਬਣਕੇ ਵਿਚਰਦਾ ਆਮ ਲੋਕਾਂ ਦੀਆਂ ਭੀੜਾਂ ਵਿਚ
ਨਿੰਦਾ ਦਾ ਫੂੰਕਾਰਾ ਛਡਕੇ ਫਿਜਾਵਾਂ ਵਿਚ ਜ਼ਹਿਰ ਰਲਾਈ ਜਾਂਦਾ

ਕੀ ਖਟਿਆ ਜਗ ਵਿਚ ਆਕੇ ਹੇ ਨਿੰਦਕ ਨਿੰਦਾ ਦੇ ਘੁਟ ਪਿਲਾਕੇ ਤੈਨੂੰ
ਸੁੰਦਰ ਸੁਘੜ ਸ਼ਕਲਾਂ ਤੇ ਮੂੰਹ ਤੇ ਨਿੰਦਾ ਦੀ ਮੈਲ ਚੜ੍ਹਾਈ ਜਾਂਦਾ

ਇਕ ਪੈਰ ਤੇਰਾ ਨਰਕਾ ਦੀ ਦਲਦਲ ਵਿਚ ਦੂਜਾ ਢੱਠੇ ਖੂਹ ਵਿਚ
ਆਉਣ ਵਾਲੀ ਅਪਣੀ ਨਸਲਾਂ ਤੇ ਤੂੰ ਪ੍ਰਸ਼ਨ ਚਿੰਨ੍ਹ ਲੁਆਈ ਜਾਂਦਾ

ਕਰ ਸਕਦਾ ਸੀ ਤੂੰ ਭੀ ਅਪਣੇ ਜੀਵਨ ਨੂੰ ਮੰਗਲਮਯ ਨਿੰਦਕ
ਪਰ ਤੂੰ ਤਾਂ ਅਹੰਕਾਰ ਵਿਚ ਭਰਿਆ ਫੂੰਕਾਰੇ ਹੀ ਮਾਰੇ ਜਾਂਦਾ

ਕੋਸ਼ਿਸ਼ ਕਰੋ ਜੇ ਹੋ ਸਕਦਾ ਕੋਈ ਕੰਮ ਭਲਾਈ ਦਾ ਹੇ ਨਿੰਦਕ
ਪਰ ਤੂੰ ਤਾਂ ਨਿੰਦਾ ਦੀ ਮੜੀਆਂ ਤੇ ਜਾ ਜਾ ਕੇ ਘਿਉ ਤੇ ਦੀਵੇ ਬਾਲੀ ਜਾਂਦਾ

ਹਲੇ ਭੀ ਸਮਾਂ ਰਹਿੰਦਾ ਹੈ ਨਿੰਦਕ ਕਰਲੈ ਸੁਧਾਰ ਅਪਣੇ ਜੀਵਨ ਵਿਚ
ਨਿੰਦਾ ਕਰਕੇ ਉਠ ਗਏ ਕਿੰਨੇ ਤੂੰ ਕਾਹਨੂੰ ਸਮਾਂ ਗਵਾਈ ਜਾਂਦਾ

ਬਹੁਤ ਹੋ ਗਿਆ ਪ੍ਰਚਾਰ ਬੇਅਰਥ ਹੁਣ ਛੱਡ ਆਚਰਣ ਨਿੰਦਾ ਦਾ
ਕੀ ਰਖਿਆ ਭੈੜਾਂ ਜਾਭਾਂ ਦੇ ਵਿਚ ਥੁਕਾਂ ਨਾਲ ਮੂੰਹ ਲਿਬੜਾਈ ਜਾਂਦਾ

ਨਿੰਦਾ ਹੀ ਕਰਨੀ ਹੈ ਤਾਂ ਕਰ ਅਪਣੀ ਤਾਂ ਜੋ ਪਤਾ ਲੱਗੇ ਅਪਣੀ ਕਮੀਆਂ ਦਾ
ਚੱਲ ਕੇ ਵੇਖ ਨੇਕੀ ਦੇ ਰਸਤੇ ਵਾਧੂ ਢੋਲ ਵਜਾਈ ਜਾਂਦਾ

ਈਰਖਾ ਦੀ ਤੂੰ ਅੱਗ ’ਚ ਜਲਕੇ ਕੋਲੇ ਵਾਂਗ ਸੁਲਘਦਾ ਹੈ
ਤੂੰ ਬਰਬਾਦੀ ਦਾ ਚੜ੍ਹਦਾ ਸੂਰਜ ਕਾਹਨੂੰ ਭੇੜ ਕਰਾਈ ਜਾਂਦਾ

ਕਿਉਂ ਨਰਕਾਂ ਦੇ ਤਾਣੇ ਬੁਣਦਾ ਕਦੇ ਕੋਈ ਚੰਗੀ ਗੱਲ ਭੀ ਕਰ
ਦੁਨੀਆਂ ਤੋਂ ਜਾਣਾ ਹੈ ਇਕ ਦਿਨ ਕਾਹਨੂੰ ਕੰਡੇ ਲਾਈ ਜਾਂਦਾ

ਧਰਤੀ ਤੇ ਕੀ ਕੀ ਸਿਰਜਿਆ ਉਸ ਪਾਵਨ ਪਰਸ਼ੇਮਰ ਨੇ
ਤੂੰ ਉਹਨਾਂ ਦੀ ਨਿੰਦਾ ਕਰ ਅਪਣੇ ਸਿਰ ਭਾਰ ਚੜ੍ਹਾਈ ਜਾਂਦਾ

ਚੰਗੀ ਸੋਚ ਜੇ ਤੂੰ ਰਖਦਾ ਤਾਂ ਦੁਨੀਆਂ ਭੀ ਕੁਝ ਹੋਰ ਹੀ ਹੁੰਦੀ
ਤੂੰ ਨਿੰਦਾ ਦੀ ਪਰਤ ਜਮਾਂ ਕੇ ਲਿਸ਼ਕਾਂ ਮੱਧਮ ਪਾਈ ਜਾਂਦਾ

ਤੇਰਾ ਗੁਜ਼ਾਰਾ ਹੋ ਸਕਦਾ ਸੀ ਨੁਕਤਾਚੀਨੀ ਕਰੇ ਬਗੈਰ
ਮਜਬੂਰ ਹੋਇਆ ਤੂੰ ਆਦਤ ਤੋਂ ਅਪਣੀ ਲੋਕਾਂ ਨੂੰ ਕਣਤਾਈ ਜਾਂਦਾ

ਤੇਰੇ ਨੱਕ ਤੇ ਅੱਗੇ ਕੀ ਸ਼ੈ ਰਖੀਏ ਤਾਂ ਜੋ ਤੂੰ ਚੰਗੀ ਗੱਲ ਕਰੇਂ
ਤੂੰ ਚੰਗੇ ਨੂੰ ਮਾੜਾ ਕਹਿੰਦਾ ਦੂਰੀ ਹੋਰ ਵਧਾਈ ਜਾਂਦਾ

ਛੱਡ ਪਰਾਂ ਇਹ ਭੈੜੀ ਆਦਤ ਨਿੰਦਾ ਤੇ ਤੂੰ ਠੱਲਾਂ ਪਾ
ਕਿਉਂ ਕੌੜੇ ਸ਼ਬਦ ਬੋਲ ਬੋਲ ਕੇ ਹਵਾਈ ਥੱਪੜ ਖਾਈ ਜਾਂਦਾ

ਆ ਮਿਲ ਬੈਠ ਕੇ ਜਿਊਣ ਦੀ ਗੱਲ ਕਰੀਏ ਸਮਾਂ ਗੁਜ਼ਰਦਾ ਜਾਂਦਾ ਹੈ
ਨਿੰਦਾ ਨੂੰ ਹੁਣ ਛੱਡ ਦੇ ਨਿੰਦਕਾ ਕਿਸ ਲਈ ਜਿੰਦ ਜਲਾਈ ਜਾਂਦਾ

ਤੇਰੀ ਵਾਟ ਲਗ ਜਾਣੀ ਇਕ ਦਿਨ ਤੈਨੂੰ ਹੈ ਸਮਝਾਈ ਜਾਂਦੇ
ਤੂੰ ਕੋਠੇ ਤੇ ਚੜ੍ਹ ਕੇ ਨਿੰਦਕਾ ਨਿੰਦਾ ਦੇ ਬਿਗੁਲ ਵਜਾਈ ਜਾਂਦਾ

ਕਿਉਂ ਬਦਲ ਦਿੱਤੇ ਤੂੰ ਮਾਪ ਦੰਡ ਨਿੰਦਾ ਦੇ ਉਏ ਨਿੰਦਕ
ਪਹਿਲਾਂ ਤੂੰ ਕਰਦਾ ਸੀ ਨਿੰਦਾ ਚੰਗੇ ਲਈ ਹੁਣ ਧੱਕੇ ਨਾਲ ਗਧੇ ਬਣਾਈ ਜਾਂਦਾ

ਤੇਰਾ ਇਤਿਹਾਸ ਬੜਾ ਹੈ ਗੰਦਾ ਕਿਉਂ ਤੂੰ ਮਹਾਪੁਰਖਾਂ ਦੀ ਭੀ ਕੀਤੀ ਨਿੰਦਾ
ਤੈਨੂੰ ਪਰਖ ਨਾ ਚੰਗੇ ਮੰਦੇ ਦੀ ਤੂੰ ਫਕੀਰਾਂ ਦੀ ਖੱਲ ਲੁਹਾਈ ਜਾਂਦਾ

ਝੂਠੇ ਇਲਜਾਮ ਲੁਆ ਕੇ ਤੂੰ ਅਸਮਤ* ਤੇ ਸੱਟ ਮਾਰਦਾ ਨਿੰਦਕ
ਤੂੰ ਪ੍ਰਹਲਾਦ ਵਰਗੇ ਭਗਤਾਂ ਨੂੰ ਅੱਗਾਂ ਵਿਚ ਜਲਾਈ ਜਾਂਦਾ

ਤੂੰ ਬਾਦਸ਼ਾਹਾਂ ਕੋਲ ਚੁਗਲੀ ਰਿਹਾ ਕਰਦਾ ਪੁੱਠੀਆਂ ਮੱਤਾਂ ਦਿੰਦਾ ਸੀ
ਸ਼ਮਤਅਵਰੇਜ* ਵਰਗੇ ਪਾਕ ਸਾਫ ਦੀ ਪੁੱਠੀ ਖੱਲ ਲੁਹਾਈ ਜਾਂਦਾ

ਤੂੰ ਨਾ ਕੀਤਾ ਕਿਰਸ ਬੋਲਦੇ ਮੰਦੇ ਬੋਲਾਂ ਨੂੰ ਉਏ ਨਿੰਦਕ
ਤੂੰ ਗੁਰੂ ਨਾਨਕ ਵਰਗੇ ਔਲੀਏ* ਨੂੰ ਮੰਦੇ ਸ਼ਬਦ ਕੁਹਾਈ ਜਾਂਦਾ

*ਅਸਮਤ-ਇੱਜ਼ਤ *ਔਲੀਏ-ਫਰਿਸ਼ਤਾ

ਕੁਝ ਤਾਂ ਸ਼ਰਮ ਕਰਦਾ ਓਏ ਨਿੰਦਕ ਉਚਰਨ ਤੋਂ ਪਹਿਲਾਂ ਭੈੜੇ ਬੋਲਾਂ ਨੂੰ
ਤੂੰ ਜਨਮਾਂ ਤੋਂ ਵੈਰੀ ਸੰਤਾਂ ਦਾ ਨਿੰਦਕ ਫੰਗਾਂ ਦੇ ਕਾਂ ਬਣਾਈ ਜਾਂਦਾ

ਤੂੰ ਜਨਮਿਆ ਰੰਗਾਂ ਵਿਚ ਭੰਗ ਪਾਉਣ ਲਈ ਨਿੰਦਕ
ਤੂੰ ਬਕਵਾਸੀ ਜ਼ੁਬਾਨ ਦਾ ਕੌੜਾ ਸਰੀਰਾਂ ਤੇ ਫੱਟ ਲੁਆਈ ਜਾਂਦਾ

ਤੂੰ ਦਿਮਾਗ ਤੇ ਲਾਉਂਦਾ ਤਾਲੇ ਬੋਲ ਬੋਲ ਕੇ ਕੌੜੇ ਬੋਲ
ਸੋਚਣ ਸ਼ਕਤੀ ਨੂੰ ਅਵਰੁੱਧ* ਤੂੰ ਕਰਦਾ ਲਿੱਖਣ ਤੇ ਰੋਕਾਂ ਲਾਈ ਜਾਂਦਾ

ਤੂੰ ਖਲਨਾਇਕ ਇਸ ਧਰਤੀ ਦਾ ਤੇਰਾ ਕੰਮ ਜਗਤ ਨੂੰ ਤੰਗ ਕਰਨਾ
ਜੋ ਨਾਇਕ ਹਨ ਇਸ ਧਰਤੀ ਦੇ ਉਹਨਾਂ ਤੇ ਦੋਸ਼ ਲੁਆਈ ਜਾਂਦਾ

ਇਕ ਭੀ ਬੁਰਾ ਕਰਮ ਨਾ ਹੁੰਦਾ ਜੇ ਤੂੰ ਨਾ ਹੁੰਦਾ ਓਏ ਨਿੰਦਕਾ
ਬਾਰ ਬਾਰ ਮਰਕੇ ਜੰਮਦਾ ਓਏ ਨਿੰਦਕਾ ਘੁਟਾਲੇ ਕਰਵਾਈ ਜਾਂਦਾ

ਤੇਰੀ ਬੁੱਧ ਮਾਰਕੇ ਰੱਬ ਨੇ ਸੁਟ ਦਿੱਤਾ ਧਰਤੀ ਦੇ ਉਤੇ
ਤੂੰ ਉਲਕਾਪਾਤੀ ਪੱਥਰ ਅਕਾਸ਼ੀ ਡਿਗ ਡਿਗ ਟੋਏ ਪਾਈ ਜਾਂਦਾ

ਮੰਡਰਾਉਂਦਾ ਅਕਾਸ਼ਾਂ ਦੇ ਵਿਚ ਤੂੰ ਟਕਰਾਉਂਦਾ ਗ੍ਰਹਿਾਂ ਦੇ ਨਾਲ
ਚਮਕੀਲੇ ਤਾਰਿਆਂ ਦੇ ਉਤੇ ਤੂੰ ਕਾਲੀਆਂ ਛਾਪਾਂ ਲਾਈ ਜਾਂਦਾ

ਮੈਂ ਤੈਥੋਂ ਨਾ ਸਹਿਮਤ ਨਿੰਦਕ ਤੇਰਾ ਮੇਰਾ ਕੋਈ ਪਿਛਲਾ ਵੈਰ
ਕਰਦਾ ਜਾ ਤੂੰ ਮੇਰੀ ਨਿੰਦਾ ਮੈਂ ਤੈਨੂੰ ਲੰਮਾਂ ਪਾਈ ਜਾਂਦਾ

*ਅਵਰੁੱਧ-ਰੋਕ

ਸੋਚ ਕੇ ਹੁਣ ਅਪਣਾ ਮੂੰਹ ਖੋ੍ਲੀ ਸੁਣ ਓਏ ਨਿੰਦਾ ਦੇ ਗੁਸਤਾਖ*
ਮੈਂ ਤੇਰੀ ਨਿੰਦਾ ਨੂੰ ਨਿੰਦਕ ਫੂਕਾਂ ਨਾਲ ਉਡਾਈ ਜਾਂਦਾ

ਬਹੁਤ ਕਰ ਲਿਆ ਤੂੰ ਤਮਾਸ਼ਾ ਨਿੰਦਾ ਦੇ ਸਾਜ਼ਾ ਬਾਜ਼ਾਂ ਨਾਲ
ਤੂੰ ਘਰ ਅੱਗੇ ਮੰਜੀ ਡਾਹ ਬੈਠਦਾ ਨਿੰਦਾ ਦੇ ਢੋਲ ਵਜਾਈ ਜਾਂਦਾ

ਤੂੰ ਇੱਧਰ ਉਧਰ ਝਾਤ ਮਾਰਦਾ ਫਿਰ ਕੰਨਾਂ 'ਚ ਫੂਕ ਮਾਰਦਾ
ਤੂੰ ਚੁਗਲੀ ਦਾ ਚੱਕਰ ਚਲਇਆ ਇਸਦੇ ਬਾਣ ਚਲਾਈ ਜਾਂਦਾ

ਤੂੰ ਅਮਨਾਂ ਦਾ ਵੈਰੀ ਨਿੰਦਕ ਦੰਗੇ ਫਸਾਦ ਕਰਵਾਉਂਦਾ ਰਹਿੰਦਾ
ਤੂੰ ਉਚੀਆਂ ਆਵਾਜ਼ਾਂ ਲਾ ਕੇ ਘਰ ਬੈਠਾ ਪਾਠ ਪੜ੍ਹਾਈ ਜਾਂਦਾ

ਮਹਾਮਾਨਵ ਬਣ ਜਾਂਦਾ ਉਹ ਵਿਅਕਤੀ ਜਿਸਦੀ ਤੂੰ ਨਿੰਦਾ ਕਰਵਾਉਂਦਾ
ਤੂੰ ਉਸਦੀ ਨਿੰਦਾ ਕਰਵਾਕੇ ਉਸਨੂੰ ਮਹਾਪੁਰਖ ਬਣਾਈ ਜਾਂਦਾ

ਉਹ ਮਹਾਨਾਯਕ ਬਣ ਜਾਂਦਾ ਨਿੰਦਕ ਜਿਸਦੀ ਤੂੰ ਟੰਗ ਖਿੱਚਦਾ
ਜਿਸਦੀ ਤੂੰ ਮਸ਼ਹੂਰੀ ਕਰਦਾ ਜਗਤ ਗੁਰੂ ਬਣਾਈ ਜਾਂਦਾ

ਤੂੰ ਨਿੰਦਾ ਦਾ ਹਵਾਈ ਵਕਤਾ ਕਰਦਾ ਤੂੰ ਬਦਨਾਮ ਜਗਤ ਵਿਚ
ਤੂੰ ਨਿੰਦਾ ਦਾ ਮੁਖ ਸਰਗਨਾ ਇਸਦੇ ਝੰਡਿਆਂ ਨੂੰ ਝੁਲਾਈ ਜਾਂਦਾ

ਭੁਲ ਭੁਲੱਈਆਂ ਤੂੰ ਪਾ ਦਿੰਦਾ ਤੂੰ ਤੁਰਦੇ ਰਾਹਗੀਰਾਂ ਨੂੰ
ਮੰਜ਼ਿਲਾਂ ਤੋਂ ਤੂੰ ਭਟਕਾ ਕੇ ਮੰਜ਼ਿਲਾਂ ਤੋਂ ਦੂਰ ਪੁਚਾਈ ਜਾਂਦਾ

*ਗੁਸਤਾਖ-ਬਦਤਮੀਜ਼

ਤੂੰ ਬਦਰੰਗ ਕਿਸੇ ਗੰਦੀ ਬਸਤੀ ਦਾ ਵਾਸੀ ਉਏ ਨਿੰਦਕ
ਤੂੰ ਕਾਲੀ ਸਾਇਆ ਦੀ ਅਮਾਵਸ ਨੂੰ ਮਾਤ ਕਰਾਈ ਜਾਂਦਾ

ਕਾਸ਼ ਕੇ ਤੂੰ ਵੇਖਦਾ ਚੰਗਾ ਸੁਣਦਾ ਭੀ ਚੰਗਾ ਉਏ ਨਿੰਦਕ
ਤੂੰ ਭੀ ਪੁੰਨ ਕਮਾਉਂਦਾ ਨਿੰਦਕ ਅਪਣੀ ਸਿਫਤ ਕਰਾਈ ਜਾਂਦਾ

ਸਿਫ਼ਤ ਕਰਾਉਂਦਾ ਤੂੰ ਭੀ ਅਪਣੀ ਜੇਕਰ ਜ਼ੁਬਾਨ ਦਾ ਹੁੰਦਾ ਪਾਬੰਦ
ਤੂੰ ਭੀ ਤਾਂ ਸੁਰਖ਼ਰੂ ਹੋ ਜਾਂਦਾ ਨਿੰਦਕ ਸੁਰਗਾਂ ਦਾ ਲੁਤਫ* ਹੰਡਾਈ ਜਾਂਦਾ

ਜਦ ਤੂੰ ਕਿਸੇ ਨੂੰ ਥੱਲੇ ਲਾ ਕੇ ਗੱਲ ਘਟਾ ਕੇ ਕਰਦਾ ਹੈ
ਤੇਰੀ ਜ਼ਮੀਰ ਤੈਨੂੰ ਗਾਲਾਂ ਕੱਢਦੀ ਉਸਨੂੰ ਤੂੰ ਖੂਹ ਵਿਚ ਪਾਈ ਜਾਂਦਾ

ਤੇਰੀ ਅੱਖ ਲਿਹਾਜੋਂ ਵਾਂਝੀ ਕਰਦਾ ਫਿਰਦਾ ਗੱਲ ਅਵੱਲੀ
ਤੂੰ ਗੱਲ ਵੱਕੜੀ ਪਾ ਕੇ ਨਿਰਲੱਜਾ* ਅੱਖਾਂ ਨੂੰ ਮਟਕਾਈ ਜਾਂਦਾ

ਨੱਕ ਤੇਰਾ ਚੌੜਾ ਉਏ ਨਿੰਦਕਾ ਅੱਖਾਂ ਤੇਰੀਆਂ ਗੱਡੀਆਂ ਹੋਈਆਂ
ਹਰ ਅੰਗ ਤੇਰਾ ਬਦਮਾਸ਼ੀ ਟਪਕਾਉਂਦਾ ਭਰਮਾਂ ਵਿਚ ਜਿੰਦੜੀ ਜੀਵੀ ਜਾਂਦਾ

ਕਰਲੈ ਕੋਈ ਕਰਮ ਤੂੰ ਚੰਗਾ ਚੰਗੀਆਂ ਗੱਲਾਂ ਕਰਿਆ ਕਰ
ਜਰ ਲੈ ਤੂੰ ਹੋਰਾਂ ਦੀ ਮਿਹਨਤ ਕਾਹਨੂੰ ਲਾਂਬੂ ਲਾਈ ਜਾਂਦਾ

ਬੇਸ਼ਕ ਤੂੰ ਟਸ਼ਨ ਵਿਚ ਪਾ ਕੇ ਬੇਸੁਆਦੀ ਕਰ ਦਿੰਦਾ ਹੈ
ਜਿਸਦੇ ਨਾਲ ਨਾ ਲੈਣਾ ਦੇਣਾ ਉਹਨਾਂ ਨਾਲ ਵਾਹ ਪੁਆਈ ਜਾਂਦਾ

*ਲੁਤਫ-ਸਵਾਦ *ਨਿਰਲੱਜਾ-ਬੇਸ਼ਰਮ

ਤੈਨੂੰ ਤੇਰੇ ਅਵਗੁਣ ਨਹੀਂ ਦਿਸਦੇ ਹੋਰਾਂ ਲਈ ਤੂੰ ਜੱਜ ਬਣਦਾ ਹੈਂ
ਤੂੰ ਲੋਕਾਂ ਦਾ ਚਮਚਾ ਬਣਕੇ ਭਾਈਆ ਦੇ ਭੇੜ ਕਰਾਈ ਜਾਂਦਾ

ਜੋ ਤੈਨੂੰ ਮੂੰਹ ਲਾਉਂਦਾ ਉਸਦੀ ਹੀ ਨਿੰਦਾ ਕਰਦਾ ਤੂੰ
ਤੂੰ ਹਰਾਮ ਕਰਦਾ ਖਾ ਕੇ ਭੀ ਬਾਹਰ ਛੈਣੇ ਖੜਕਾਈ ਜਾਂਦਾ

ਤੇਰੀ ਸ਼ਕਲ ਮਨੁੱਖਾਂ ਵਰਗੀ ਪਰ ਤੂੰ ਪਸ਼ੂਆਂ ਵਾਂਗ ਵਿਚਰਦਾ
ਤੂੰ ਸਿੰਗਾਂ ਉਪਰ ਮਿਟੀ ਚੁਕ ਕੇ ਅਪਣੇ ਹੀ ਸਿਰ ਵਿਚ ਪਾਈ ਜਾਂਦਾ

ਸਿੱਖਿਆ ਦੀਜੇ ਕੇਵਲ ਉਸਨੂੰ ਜਿਸਨੂੰ ਸਿਖ ਸੁਹਾਅ
ਤੂੰ ਸਿੱਖਿਆ ਦੇਣ ਵਾਲੇ ਦੇ ਆਲ੍ਹਣੇ ਦੀ ਭੰਨ ਕਰਾਈ ਜਾਂਦਾ

ਬੇਲਿਹਾਜੀ ਬੇਨਿਾਜੀ ਗੁਸਤਾਖਿਆਂ ਦਾ ਤੂੰ ਮਜਮੂਆਂ*
ਜਿਸਦੇ ਵੱਲ ਤੂੰ ਕਦਮ ਪੁੱਟਦਾ ਉਸਦੀ ਝੰਡ ਕਰਾਈ ਜਾਂਦਾ

ਦਿਨ ਚੜਦੇ ਤੂੰ ਸ਼ਿਕਾਰ ਕਰਦਾ ਫੰਗ ਪੁੱਟਦਾ ਪੱਤਾਂ ਦੇ
ਨਿੰਦਾ ਦੀ ਟੋਪੀ ਪਹਿਨਾ ਕੇ ਦਿਨ ਰਾਤ ਮਖੌਲ ਉਡਾਈ ਜਾਂਦਾ

ਧਰਤੀ ਤੇ ਆਕਾਸ਼ ਭੀ ਡਰਦੇ ਤੇਰੀ ਨਿੰਦਾ ਤੋਂ ਉਏ ਨਿੰਦਕ
ਤੂੰ ਉਹਨਾਂ ਦਾ ਬੱਕਰਾ ਬਣਾ ਕੇ ਭਰਮਾਂ ਵਿਚ ਪੁਆਈ ਜਾਂਦਾ

ਚੰਦ ਸੂਰਜ ਤੈਥੋਂ ਸ਼ਰਮਾਉਂਦੇ ਕੀ ਪਤਾ ਤੂੰ ਕੀ ਬਕ ਦੇਵੇਂ
ਤੂੰ ਰੱਬ ਦੀ ਇਸ ਸ੍ਰਿਸ਼ਟੀ ਨੂੰ ਕੁਝ ਦਾ ਕੁਝ ਹੋਰ ਬਣਾਈ ਜਾਂਦਾ

*ਮਜਮੂਆਂ-ਸਮੂਹ

ਤੂੰ ਵੈਰੀ ਬੰਦਿਆਂ ਦਾ ਨਿੰਦਕ ਧੁਰ ਤੋਂ ਬਣਿਆ ਹੋਇਆ ਹੈ
ਤੂੰ ਮੌਤ ਤਾਂਈ ਹੈ ਪਿੱਛਾ ਕਰਦਾ ਜਿਉਂਦੇ ਜਮਲੋਕ ਪੁਚਾਈ ਜਾਂਦਾ

ਤੂੰ ਝੋਟੇ ਵਾਂਗ ਹੈ ਜ਼ਿੱਦਾਂ ਕਰਦਾ ਅੱਲ ਪਟੱਲ ਹੈ ਗੱਲਾਂ ਕਰਦਾ
ਤੂੰ ਟੱਕਰਾਂ ਨੂੰ ਮਾਰ ਮਾਰ ਕੇ ਝੌਂਟਾਂ ਕੁੱਟ ਕੁਹਾਈ ਜਾਂਦਾ

ਤੂੰ ਸ਼ਾਤਿਰ ਦੁਸ਼ਮਨ ਬੰਦੇ ਦਾ ਛੀਨਾ ਝਪਟੀ ਕਰਦਾ ਹੈਂ
ਤੂੰ ਅਸਾਡਾ ਮਿੱਤਰ ਬਣਕੇ ਥਾਲੀ ਵਿਚ ਛੇਕ ਕਰਾਈ ਜਾਂਦਾ

ਵਾਹ ਉਏ ਨਿੰਦਕ ਤੇਰੇ ਜਾਦੂ ਚਲਦੇ ਜਿੱਥੇ ਤੀਰ ਨਾ ਚਲਦੇ
ਤੂੰ ਸੱਚ ਨੂੰ ਬੁੱਕਲ ਵਿਚ ਢਕਦਾ ਗਾਂ ਨੂੰ ਗਧਾ ਬਣਾਈ ਜਾਂਦਾ

ਇਸ ਕਲਜੁਗ ਵਿਚ ਜੋ ਤੂੰ ਕਹਿੰਦਾ ਉਹ ਹੀ ਗੱਲ ਹੈ ਮੰਨੀ ਜਾਂਦੀ
ਤੂੰ ਪਾਗਲ ਕਰਦਾ ਖਲਕਤ ਨੂੰ ਸੱਚ ਨੂੰ ਝੂਠ ਬਣਾਈ ਜਾਂਦਾ

ਤੂੰ ਭਰਮਾਂ ਦਾ ਤਾਂਤਰਿਕ ਉਏ ਨਿੰਦਕ ਪਾ ਕੇ ਰੱਖਦਾ ਵਹਿਮਾਂ ਵਿਚ
ਤੂੰ ਮਿੱਠੀ ਨਿੰਦਾ ਦੀ ਗੋਲੀ ਦਾ ਸਭਨੂੰ ਸਵਾਦ ਚਖਾਈ ਜਾਂਦਾ

ਤੂੰ ਵਿਅਰਥ ਲਫਜਾਂ ਦਾ ਸੰਗ੍ਰਿਹ ਬੁੱਲ੍ਹਾਂ ਤੇ ਟਪਕਾਉਂਦਾ ਰਹਿੰਦਾ
ਵਿਅਰਥ ਬੋਲਣਾ ਤੇਰੀ ਫਿਤਰਤ ਨਿੰਦਾ ਦਾ ਕਰਮ ਕਮਾਈ ਜਾਂਦਾ

ਕਦੇ ਸ਼ਰਮ ਕਰ ਉਏ ਬੇਸ਼ਰਮਾਂ ਕੁਝ ਤਾਂ ਜ਼ਮੀਰ ਅਪਣੇ ਕੋਲ ਰੱਖ
ਤੂੰ ਨਿੰਦਾ ਦੇ ਘੁੱਪ ਹਨੇਰੇ 'ਚ ਆਪ ਨੂੰ ਮਿੱਟੀ ਵਿਚ ਰਲਾਈ ਜਾਂਦਾ

ਤੇਰਾ ਕਸੂਰ ਨਹੀਂ ਓਏ ਨਿੰਦਕ ਤੈਨੂੰ ਇਹ ਕੰਮ ਸੌਂਪਿਆਂ ਵਿਧੀ ਨੇ
ਮਾਨਸ ਦੀ ਜਾਤ ਸੀ ਤੈਨੂੰ ਦਿੱਤੀ ਤੂੰ ਨਿੰਦਾ ਕਰ ਸਮਾਂ ਗਵਾਈ ਜਾਂਦਾ

ਕਿਉਂ ਕਰਦਾ ਹੈ ਵਿਅਰਥ ਜ਼ਿੰਦਗੀ ਲੋਕਾਂ ਨੂੰ ਜਿਊਣ ਦੇ ਤੇ ਆਪ ਜੀਓ
ਅੰਤ ਤੇਰਾ ਕੁੱਤੇ ਦੀ ਮੌਤ ਵਰਗਾ ਨਿੰਦਾ ਕਰ ਭਾਰ ਪੁਆਈ ਜਾਂਦਾ

ਤੂੰ ਸਨਕੀ ਨਿੰਦਾ ਲਈ ਨਿੰਦਕ ਮੂਰਖਤਾਂ ਦਾ ਤੂੰ ਮਹਾ ਅਵਤਾਰ
ਫਸ ਕੇ ਤੂੰ ਨਿੰਦਾ ਦੀ ਦਲਦਲ ਵਿਚ ਨਿਤ ਹੌਲੀ ਹੌਲੀ ਨਿੱਘਰੀ ਜਾਂਦਾ

ਤੇਰੀ ਪਿਆਸ ਨਾ ਬੁਝਦੀ ਨਿੰਦਕ ਨਿੰਦਾ ਕਰਕੇ ਦਿਨ ਤੇ ਰਾਤ
ਤੂੰ ਪਿਆਸਾ ਨਿੰਦਾ ਦਾ ਓਏ ਨਿੰਦਕ ਕਾਹਨੂੰ ਮੂੰਹ ਲੁਕਾਈ ਜਾਂਦਾ

ਵੱਡੇ ਵੱਡੇ ਹਾਰੇ ਤੈਥੋਂ ਓਏ ਨਿੰਦਕ ਤੂੰ ਖਲਨਾਇਕ ਇਸ ਧਰਤੀ ਦਾ
ਤੂੰ ਨਿੰਦਾ ਦੇ ਤਾਣੇ ਬੁਣਕੇ ਅਸਲ ਨੂੰ ਨਕਲ ਬਣਾਈ ਜਾਂਦਾ

ਕੁਝ ਤਾਂ ਅਸਰ ਪਊ ਤੇਰੇ ਤੇ ਪੜ੍ਹਕੇ ਮੇਰੀ ਰਚਨਾ ਓਏ ਨਿੰਦਕ
ਕੂੜਾ ਦਾ ਤੂੰ ਭੰਡਾਰ ਵੱਡਾ ਓਏ ਨਿੰਦਕ ਜਗ ਵਿਚ ਗੰਦ ਪੁਆਈ ਜਾਂਦਾ

ਨਜ਼ਰਾਂ ਤੇ ਤੇਰੀ ਜ਼ਹਿਰ ਟਪਕਦਾ ਪੱਥਰ ਪਾੜਦਾ ਸਿਰਫ਼ ਵੇਖਕੇ
ਤੂੰ ਵਿਸ਼ ਭਰਿਆ ਬਿਛੂ ਨਿੰਦਕ ਡੰਗਕੇ ਚੀਕ ਤੂੰ ਮਰਾਈ ਜਾਂਦਾ

ਬਖਸ਼ਣ ਜੋਗਾ ਨਹੀਂ ਨਿੰਦਕ ਚਾਹੇ ਜਿਨਾਂ ਭੇਖ ਬਣਾ ਲੇ ਤੂੰ
ਤੂੰ ਨਿੰਦਾ ਦੀ ਚੋਲੀ ਲੈ ਦਾਲੇ ਲੋਕਾਂ ਨੂੰ ਭਰਮਾਈ ਜਾਂਦਾ

ਤੂੰ ਮੂਰਖ ਮੁਗਧ ਅਜਾਮਿਲ ਪਾਪੀ ਚੰਗੇ ਨੂੰ ਮਾੜਾ ਹੈ ਕਹਿੰਦਾ
ਮੈਂ ਲਿਖਦਾ ਹਾਂ ਤੇਰਾ ਚਿੱਠੇ ਜਿਹੜੇ ਤੂੰ ਕਰਮ ਕਮਾਈ ਜਾਂਦਾ

ਪਰਮੇਸ਼ਵਰ ਨੂੰ ਤੂੰ ਭੁਲ ਜਾਂਦਾ ਜਦ ਤੂੰ ਕਰਦਾ ਵਿਅੰਗ ਬੁਰੇ
ਤੂੰ ਤਕਛਤ* ਦੇ ਵਾਗੂੰ ਉਡਕੇ ਮੱਥੇ ਤੇ ਡੰਗ ਲੜਾਈ ਜਾਂਦਾ

ਤੇਰੀ ਕਰਨੀ ਤੂੰ ਹੀ ਹੈ ਭਰਨੀ ਛੱਡਿਆ ਤੈਨੂੰ ਤੇਰੀ ਕਿਸਮਤ ਤੇ
ਮੈਂ ਤੇਰੀ ਨਿੰਦਾ ਦੇ ਸਦਕੇ ਉਏ ਨਿੰਦਕਾ ਲੱਖਾਂ 'ਚ, ਨਾਂ ਕਰਾਈ ਜਾਂਦਾ

***